MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM
SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 47 SATURDAY, 19 NOVEMBER, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਹਰਕੀਰਤ ਸਿੰਘ ਬਰੈਂਪਟਨ ਦੇ ਡਿਪਟੀ ਮੇਅਰ ਬਣੇ



ਬਰੈਂਪਟਨ-ਪਿਛਲੇ ਮਹੀਨੇ ਸਿਟੀ ਚੋਣਾਂ ਦੌਰਾਨ ਕੌਂਸਲਰ ਚੁਣੇ ਗਏ ਹਰਕੀਰਤ ਸਿੰਘ ਨੂੰ ਬਰੈਂਪਟਨ ਸਿਟੀ ਦਾ ਡਿਪਟੀ ਮੇਅਰ ਨਿਯੁਕਤ ਕੀਤਾ ਗਿਆ ਹੈ। ਸ਼ਹਿਰ ਨਿਵਾਸੀਆਂ ਨੇ ਕਨੇਡਾ ਦੇ ਜੰਮਪਲ ਇਮਾਨਦਾਰ ਤੇ ਮਿਹਨਤੀ ਪੜ੍ਹੇ ਲਿਖੇ ਨੌਜਵਾਨ ਹਰਕੀਰਤ ਸਿੰਘ ਨੂੰ ਸਰਬਸੰਮਤੀ ਨਾਲ ਸਿਟੀ ਆਫ ਬਰੈਂਪਟਨ ਦਾ ਡਿਪਟੀ ਮੇਅਰ ਨਿਯੁਕਤ ਕਰਨ ਲਈ ਮੇਅਰ ਪੈਟਰਿਕ ਬ੍ਰਾਊਨ ਅਤੇ ਸਾਰੇ ਕੌਂਸਲਰਾਂ ਦਾ ਧੰਨਵਾਦ ਕੀਤਾ ਹੈ।

## ਪ੍ਰੋ: ਐਚ. ਦੀਪ ਸੈਣੀ ਮੈਕਗਿਲ ਯੂਨੀਵਰਸਿਟੀ ਦੇ 18ਵੇਂ ਪ੍ਰਿੰਸੀਪਲ ਤੇ ਵਾਈਸ ਚਾਂਸਲਰ ਨਿਯੁਕਤ



ਓਟਵਾ-ਮੈਕਗਿਲ ਯੂਨੀਵਰਸਿਟੀ ਦੇ ਬੋਰਡ ਆਫ਼ ਗਵਰਨਰਜ਼ ਨੇ ਭਾਰਤੀ ਮੂਲ ਦੇ ਪ੍ਰੋ ਐਚ ਦੀਪ ਸੈਣੀ ਨੂੰ ਯੂਨੀਵਰਸਿਟੀ ਦੇ 18ਵੇਂ ਪ੍ਰਿੰਸੀਪਲ ਅਤੇ ਵਾਈਸ-ਚਾਂਸਲਰ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਪ੍ਰੋ ਸੈਣੀ ਪਹਿਲੀ ਅਪ੍ਰੈਲ, 2023 ਨੂੰ ਆਪਣਾ ਪੰਜ ਸਾਲ ਦਾ ਕਾਰਜਭਾਰ ਸੰਭਾਲਣਗੇ। ਕੈਨੇਡਾ ਵਿਚ ਵਸਦੇ ਪੰਜਾਬੀ ਭਾਈਚਾਰੇ ਲਈ ਇਹ ਬਹੁਤ ਹੀ ਮਾਣ ਵਾਲੀ *(ਬਾਕੀ ਸਫ਼ਾ 10 'ਤੇ)*

# ਸਰੀ ਮੇਅਰ ਬਰੈਂਡਾ ਲੋਕ ਨੇ ਮਿਉਂਸਪਲ ਪੁਲਿਸ ਫੋਰਸ ਨੂੰ ਖ਼ਤਮ ਕਰਨ ਲਈ ਚੁੱਕਿਆ ਪਹਿਲਾ ਕਦਮ

ਸਰੀ-ਮੇਅਰ ਬਰੈਂਡਾ ਲੋਕ ਨੇ ਸਰੀ ਪੁਲਿਸ ਸਰਵਿਸ ਦੇ ਮੁੱਦੇ 'ਤੇ ਰਾਇਸ਼ਮਾਰੀ ਕਰਵਾਉਣ ਦੀ ਮੰਗ ਨੂੰ ਰੱਦ ਹੋਏ ਆਰਸੀਐਮਪੀ ਨੂੰ ਸਰੀ ਅਧਿਕਾਰ ਖੇਤਰ ਦੀ ਪੁਲਿਸ ਵਜੋਂ ਕਾਇਮ ਰੱਖਣ ਬਾਰੇ ਮਤੇ ਨੂੰ ਪ੍ਰਵਾਨਗੀ ਲੈ ਕੇ ਸੋਮਵਾਰ ਰਾਤ ਸਰੀ ਪੁਲਿਸ ਸਰਵਿਸ ਖਤਮ ਕਰਨ



ਵੱਲ ਪਹਿਲਾ ਕਦਮ ਚੁੱਕਿਆ। ਮਤੇ 'ਤੇ ਵੋਟਿੰਗ ਪਿੱਛੋਂ ਲੋਕ ਨੇ ਕਿਹਾ ਕਿ ਅੱਜ ਰਾਤ ਦੀ ਵੋਟਿੰਗ ਨੇ ਸਰੀ ਆਰਸੀਐਮਪੀ ਨੂੰ ਅਧਿਕਾਰ ਖੇਤਰ ਵਾਲੀ ਪੁਲਿਸ ਵਜੋਂ ਬਹਾਲ ਕਰਨ ਦੀ ਕੇਵਲ ਪੁਸ਼ਟੀ ਹੀ ਨਹੀਂ ਕੀਤੀ ਸਗੋਂ ਇਹ ਟਰਾਂਜ਼ੀਸ਼ਨ ਦੇ ਖਰਚਿਆਂ ਦਾ ਵੀ ਖੁਲਾਸਾ ਕਰੇਗੀ ਜਿਹੜਾ ਜਨਤਾ ਲਈ ਉਪਲਬਧ ਹੋਵੇਗਾ। ਸਿਟੀ ਸਟਾਫ ਨੂੰ ਹੁਣ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਨੂੰ ਇਕ ਯੋਜਨਾ ਭੇਜਣ ਦੀ ਹਦਾਇਤ ਕੀਤੀ ਜਾਵੇਗੀ ਜਿਸ ਵਿਚ ਜਾਣਕਾਰੀ ਦਿੱਤੀ ਜਾਵੇਗੀ ਕਿ ਕਮਿਊਨਿਟੀ ਦੀ ਸੁਰੱਖਿਆ ਨੂੰ ਪ੍ਰਭਾਵਤ ਕੀਤੇ ਬਿਨ੍ਹਾਂ ਸਰੀ ਪੁਲਿਸ ਬੋਰਡ ਨੂੰ ਅਗਲੇ ਹੁਕਮ ਤੱਕ ਭਰਤੀ ਬੰਦ ਕਰਨ ਦਾ ਹੁਕਮ ਦਿੱਤਾ ਜਾਵੇਗਾ ਕਿ ਐਸਪੀਐਸ ਨੂੰ ਕਿਵੇ ਖਤਮ ਕੀਤਾ ਜਾ ਸਕਦਾ ਹੈ। 9 ਮੈਂਬਰੀ ਕੌਂਸਲ ਸਾਹਮਣੇ ਇਕ ਮਤਾ ਪੇਸ਼ ਕਰਕੇ ਕਿਹਾ ਗਿਆ ਸੀ ਕਿ ਕਮਿਊਨਿਟੀ ਵਿਚ ਪੁਲਿਸ ਪ੍ਰਬੰਧ ਬਾਰੇ ਐਸਪੀਐਸ ਜਾਂ ਆਰਸੀਐਮਪੀ ਵਿਚੋਂ ਇਕ ਦੀ ਚੋਣ ਕੀਤੀ ਜਾਵੇ। ਰਾਤ ਸਮੇਂ ਕੌਂਸਲਰ ਲਿੰਡਾ ਐਨਿਸ ਮਤੇ ਵਿਚ ਇਕ ਸੋਧ ਕਰਵਾਉਣ ਵਿਚ ਸਫਲ ਰਹੀ ਜਿਸ ਵਿਚ ਮਾਮਲੇ 'ਤੇ ਰਾਏਸ਼ੁਮਾਰੀ ਕਰਵਾਉਣ ਲਈ ਕਿਹਾ ਗਿਆ ਸੀ ਪਰ ਇਸ ਸੋਧ ਨੂੰ ਰੱਦ ਕਰ ਦਿੱਤਾ ਗਿਆ। ਆਰਸੀਐਮਪੀ ਕੰਟਰੈਕਟ ਕਾਇਮ ਰੱਖਣ ਦੇ ਪੱਖ ਵਿਚ ਲੋਕ ਅਤੇ ਸਰੀ ਕੁਨੈਕਟ ਪਾਰਟੀ ਦੇ ਸਾਰੇ ਮੈਂਬਰਾਂ ਗੋਰਡਨ ਹੇਪਨਰ, ਰੋਬ ਸਟੱਟ, ਹੈਰੀ ਬੈਂਸ ਤੇ ਪ੍ਰਦੀਪ ਕੂਨਰ ਨੇ ਵੋਟ ਦਿੱਤਾ। ਐਨਿਸ ਨੇ ਕਿਹਾ ਕਿ ਵੋਟ ਬਾਰੇ ਬਹੁਤਾ ਜਨਤਕ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ ਜਦਕਿ ਕੌਂਸਲਰ ਮਨਦੀਪ ਨਾਗਰਾ ਨੇ ਦੋਵਾਂ ਸੇਵਾਵਾਂ ਦੀ ਤੁਲਨਾ ਕਰਦੇ ਹੋਏ ਵਧੇਰੇ ਵਿੱਤੀ ਜਾਣਕਾਰੀ *(ਬਾਕੀ ਸਫ਼ਾ 10 'ਤੇ)*

For All Kind of Real Estate Needs
ਕਾਬਲੀਅਤ, ਤਜਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
Aman INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

## Translation Services Available
STA has support staff fluent in Punjabi, Hindi and Gujarati.

## Your Needs Come First
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

**"We have offices in Vancouver and Surrey/Delta."**

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 47 SATURDAY, 19 NOVEMBER, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

## ਸੀਨੀਅਰ ਆਗੂ ਮਲੂਕਾ ਨੇ ਦਿੱਤੇ ਸੰਕੇਤ

# ਅਕਾਲੀ ਦਲ ਅਤੇ ਭਾਜਪਾ ਵਿਚਾਲੇ ਮੁੜ ਹੋ ਸਕਦਾ ਹੈ ਸਮਝੌਤਾ



ਚੰਡੀਗੜ੍ਹ-ਸਾਬਕਾ ਕੈਬਨਿਟ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਉਹ ਨਾ ਤਾਂ ਭਾਜਪਾ ਨਾਲ ਸਮਝੌਤਾ ਕਰਵਾਉਣ ਵਾਲੇ ਹਨ ਤੇ ਨਾ ਹੀ ਉਨ੍ਹਾਂ ਦੇ ਕਹਿਣ 'ਤੇ ਕੋਈ ਸਮਝੌਤਾ ਹੋਣਾ ਹੈ ਪਰ ਅਕਾਲੀ ਦਲ ਭਾਜਪਾ ਤੋਂ ਬਿਨਾਂ ਕਿਸੇ ਵੀ ਹੋਰ ਸਿਆਸੀ ਪਾਰਟੀ ਨਾਲ ਸਮਝੌਤਾ ਨਹੀਂ ਕਰ ਸਕਦਾ। ਉਹ ਇੱਥੇ ਭਵਿੱਖ ਵਿਚ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਸਮਝੌਤੇ ਦੀਆਂ ਸੰਭਾਵਨਾਵਾਂ ਬਾਰੇ ਗੱਲਬਾਤ ਕਰ ਰਹੇ ਸਨ। ਮਲੂਕਾ ਨੇ ਦਾਅਵਾ ਕੀਤਾ ਕਿ ਜੇਕਰ ਭਵਿੱਖ ਵਿਚ ਭਾਜਪਾ ਨਾਲ ਪੰਜਾਬ ਅੰਦਰ ਅਕਾਲੀ ਦਲ ਦਾ ਕੋਈ ਸਮਝੌਤਾ ਹੁੰਦਾ ਹੈ ਤਾਂ ਅਕਾਲੀ ਦਲ ਇਸ ਸਮਝੌਤੇ 'ਚ ਵੱਡੇ ਭਰਾ ਦੀ ਭੂਮਿਕਾ ਨਿਭਾਏਗਾ। ਉਨ੍ਹਾਂ ਸੂਬਾ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਸੂਬੇ ਅੰਦਰ ਅਮਨ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਹੈ। ਮੁੱਖ ਮੰਤਰੀ ਗੁਜਰਾਤ ਦੀਆਂ ਚੋਣਾਂ ਵਿਚ ਰੁੱਝੇ ਹੋਏ ਹਨ ਤੇ ਸੂਬੇ ਦਾ ਕੋਈ ਵਾਲੀ ਵਾਰਿਸ ਨਹੀਂ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਉਹ ਸੂਬੇ ਨੂੰ ਵੱਧ ਅਧਿਕਾਰ ਦਿੱਤੇ ਜਾਣ ਦੀ ਹਮੇਸ਼ਾ ਹਮਾਇਤ ਕੀਤੀ ਹੈ ਪਰ ਜੇਕਰ ਪੰਜਾਬ ਅੰਦਰ ਇਹੀ ਹਾਲਾਤ ਰਹੇ ਤਾਂ ਗਵਰਨਰ ਨੂੰ ਆਪਣੀ ਤਾਕਤ ਦਾ ਇਸਤੇਮਾਲ ਕਰਨਾ ਪਵੇਗਾ।

# ਸੰਯੁਕਤ ਕਿਸਾਨ ਮੋਰਚੇ ਵਲੋਂ ਦੇਸ਼ ਭਰ ਦੇ ਰਾਜ ਭਵਨਾਂ ਵੱਲ 26 ਨਵੰਬਰ ਨੂੰ ਮਾਰਚ ਦਾ ਐਲਾਨ

## ਮੋਦੀ ਸਰਕਾਰ ਉਪਰ ਵਾਅਦੇ ਪੂਰੇ ਨਾ ਕਰਨ ਦੇ ਦੋਸ਼



ਨਵੀਂ ਦਿੱਲੀ (ਦਿਓਲ)-ਕੇਂਦਰ ਸਰਕਾਰ ਵੱਲੋਂ ਦਿੱਲੀ ਮੋਰਚੇ ਦੀ ਸਮਾਪਤੀ ਮੌਕੇ ਕਿਸਾਨਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਾ ਕਰਨ ਦਾ ਦੋਸ਼ ਲਾਉਂਦਿਆਂ ਸੰਯੁਕਤ ਕਿਸਾਨ ਮੋਰਚੇ ਨੇ ਬਕਾਇਆ ਰਹਿੰਦੀਆਂ ਮੰਗਾਂ ਦੀ ਪੂਰਤੀ ਲਈ 26 ਨਵੰਬਰ ਨੂੰ ਦੇਸ਼ ਭਰ ਦੇ ਰਾਜ ਭਵਨਾਂ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ 19 ਨਵੰਬਰ ਨੂੰ 'ਫ਼ਤਹਿ ਦਿਵਸ' ਵਜੋਂ ਮਨਾਇਆ ਜਾਵੇਗਾ ਕਿਉਂਕਿ ਪਿਛਲੇ ਸਾਲ ਇਸ ਦਿਨ ਕੇਂਦਰ ਸਰਕਾਰ ਨੇ ਵਿਵਾਦਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਹੁਕਮ ਦਿੱਤੇ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲੀ ਤੋਂ 11 ਦਸੰਬਰ ਤੱਕ ਸਾਰੀਆਂ ਸਿਆਸੀ ਪਾਰਟੀਆਂ ਲੋਕ ਸਭਾ, ਰਾਜ ਸਭਾ ਤੇ ਸੰਸਦ ਮੈਂਬਰਾਂ ਦੇ ਦਫ਼ਤਰਾਂ ਵੱਲ ਮਾਰਚ ਕਰਨਗੀਆਂ ਤੇ ਬਕਾਇਆ ਮੰਗਾਂ ਦੀ ਪੂਰਤੀ ਲਈ ਮੰਗ ਪੱਤਰ ਸੌਂਪਣਗੀਆਂ। ਕਿਸਾਨ ਆਗੂ ਦਰਸ਼ਨ ਪਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਦੇ ਅਗਲੇ ਪੜਾਅ ਬਾਰੇ ਫ਼ੈਸਲਾ ਲੈਣ ਲਈ 8 ਦਸੰਬਰ ਨੂੰ ਕਰਨਾਲ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੀਟਿੰਗ ਕੀਤੀ ਜਾਵੇਗੀ। ਇਸ ਮੌਕੇ ਹਾਜ਼ਰ ਆਗੂਆਂ ਨੇ ਪਿਛਲੇ ਸਾਲ 9 ਦਸੰਬਰ ਨੂੰ ਕਾਨੂੰਨੀ ਤੌਰ 'ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 'ਤੇ ਦਿੱਤੇ ਲਿਖਤੀ ਭਰੋਸੇ 'ਤੇ ਅਮਲ ਨਾ ਕਰਨ ਅਤੇ ਬਿਜਲੀ ਬਿੱਲ ਵਾਪਸ ਲੈ ਕੇ ਕਿਸਾਨਾਂ ਨਾਲ ਧੋਖਾ ਕਰਨ ਲਈ ਮੋਦੀ ਸਰਕਾਰ ਦੀ ਨਿਖੇਧੀ ਕੀਤੀ। ਹਨਨ ਮੁੱਲਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਸਾਰੇ ਸੰਵਿਧਾਨਕ ਸੰਗਠਨਾਂ ਨੂੰ ਦੇਸ਼ ਭਰ ਵਿੱਚ ਸੰਘਰਸ਼ ਹੋਰ ਤੇਜ਼ ਕਰਨ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਗਿਆ।

*(ਬਾਕੀ ਸਫ਼ਾ 10 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਮਹਿੰਗਾਈ ਦੇ ਮੁੱਦੇ ਤੇ ਐਮ. ਪੀ. ਜਸਰਾਜ ਹੱਲਣ ਨੇ ਲਿਬਰਲ ਸਰਕਾਰ ਨੂੰ ਘੇਰਿਆ



ਓਟਵਾ-ਕੈਲਗਰੀ ਤੋਂ ਕੰਸਰਵੇਟਿਵ ਐਮ. ਪੀ. ਤੇ ਸ਼ੈਡੋ ਮਨਿਸਟਰ ਜਸਰਾਜ ਸਿੰਘ ਹੱਲਣ ਨੇ ਸਦਨ ਵਿਚ ਬੋਲਦਿਆਂ ਲੱਕ ਤੋੜ ਮਹਿਗਾਈ ਕਾਰਣ ਲੋਕਾਂ ਦੀਆਂ ਪ੍ਰੇਸ਼ਾਨੀਆਂ ਦਾ ਜ਼ਿਕਰ ਕਰਦਿਆਂ ਲਿਬਰਲ ਸਰਕਾਰ ਵਲੋ ਲੋਕਾਂ ਨੂੰ ਕੋਈ ਰਾਹਤ ਨਾ ਦਿੱਤੇ ਜਾਣ ਲਈ ਘੇਰਿਆ। ਉਹਨਾਂ ਸਪੀਕਰ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਪੂਰੇ ਕੈਨੇਡਾ ਵਿੱਚ ਤਾਪਮਾਨ ਡਿੱਗ ਰਿਹਾ ਹੈ, ਅਤੇ ਕੈਨੇਡੀਅਨਾਂ ਨੂੰ ਆਪਣੇ ਘਰਾਂ ਨੂੰ ਗਰਮ ਕਰਨ ਦੀ ਲੋੜ ਹੈ। ਇਸ ਸਰਦੀਆਂ ਵਿੱਚ ਘਰਾਂ ਨੂੰ ਗਰਮ ਕਰਨ ਦੀਆਂ ਕੀਮਤਾਂ ਦੁੱਗਣੀਆਂ ਹੋ ਰਹੀਆਂ ਹਨ, ਅਤੇ ਲਿਬਰਲ ਕਾਰਬਨ ਟੈਕਸ ਵਧਾ ਕੇ ਉਹਨਾਂ ਨੂੰ ਹੋਰ ਸਰਦ ਕਰ ਰਹੀ ਹੈ। ਵਿੱਤ ਮੰਤਰੀ ਪਰਿਵਾਰਾਂ ਨੂੰ ਸਲਾਹ ਦੇ ਰਹੇ ਹਨ ਕਿ ਉਹ ਆਪਣਾ £14.99 ਪ੍ਰਤੀ ਮਹੀਨਾ ਡਿਜ਼ਨੀ ਚੈਨਲ ਰੱਦ ਕਰਵਾ ਦੇਣ। ਉਹਨਾਂ ਕਿਹਾ ਮਹਿੰਗਾਈ ਕਾਰਣ ਇਕ ਟਾਈਮ ਦਾ ਖਾਣਾ ਛੱਡਣ ਵਾਲੇ ਕੈਨੇਡੀਅਨ ਦੀ ਸਹਾਇਤਾ ਕਰਨ ਦੀ ਥਾਂ ਲਿਬਰਲ ਸਰਕਾਰ ਲੋਕਾਂ ਨਾਲ ਮਜ਼ਾਕ ਕਰ ਰਹੀ ਹੈ। ਲਿਬਰਲ ਕੈਨੇਡੀਅਨਾਂ ਨੂੰ ਅਸਲ ਰਾਹਤ ਕਿਉਂ ਨਹੀਂ ਦਿੰਦੇ ਅਤੇ ਉਨ੍ਹਾਂ ਦੇ ਗੈਸ, ਹੋਮ ਹੀਟਿੰਗ ਅਤੇ ਕਰਿਆਨੇ 'ਤੇ ਤਿੰਨ ਗੁਣਾ ਟੈਕਸ ਲਗਾਉਣ ਦੀ ਯੋਜਨਾ ਨੂੰ ਤਿਆਗ ਕਿਉਂ ਨਹੀਂ ਦਿੰਦੇ।

# ਗਾਇਕ ਸੋਹਨ ਸ਼ੰਕਰ ਕੈਨੇਡਾ ਦੌਰੇ ਤੇ ਪੁੱਜੇ



ਸਰੀ-ਪੰਜਾਬੀ ਦੇ ਉਘੇ ਗਾਇਕ ਸੋਹਨ ਸ਼ੰਕਰ ਕੈਨੇਡਾ ਦੌਰੇ ਤੇ ਪੁੱਜੇ ਹਨ। ਉਹਨਾਂ ਦੇ ਇਥੇ ਪੁੱਜਣ ਤੇ ਉਘੇ ਕਬੱਡੀ ਪ੍ਰੋਮੋਟਰ ਤੇ ਚੇਅਰਮੈਨ ਗੁਰੂ ਰਵਿਦਾਸ ਕਬੱਡੀ ਕੱਪ ਘੁੰਮਣਾ ਸ ਬਲਵੀਰ ਸਿੰਘ ਬੈਂਸ ਨੇ ਉਹਨਾਂ ਦਾ ਭਰਵਾਂ ਸਵਾਗਤ ਕੀਤਾ। ਉਹਨਾਂ ਦੱਸਿਆ ਕਿ ਸੋਹਨ ਸ਼ੰਕਰ ਇਥੇ ਵੱਖ ਵੱਖ ਪ੍ਰੋਗਰਾਮਾਂ ਤੋ ਇਲਾਵਾ ਕ੍ਰਿਸਮਸ ਦੇ ਵਿਸ਼ੇਸ਼ ਪ੍ਰੋਗਰਾਮ ਵਿਚ ਸਰੋਤਿਆਂ ਦਾ ਮਨੋਰੰਜਨ ਕਰਨਗੇ। ਸੋਹਨ ਸ਼ੰਕਰ ਨਾਲ ਸੰਪਰਕ ਅਤੇ ਹੋਰ ਪ੍ਰੋਗਰਾਮ ਲਈ ਬਲਵੀਰ ਬੈਂਸ ਨਾਲ ਫੋਨ ਨੰਬਰ 604-825-2759 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

# ਬੀ.ਸੀ. ਲਿਬਰਲ ਦਾ ਨਾਮ ਬਦਲਕੇ ਬੀ.ਸੀ. ਯੂਨਾਈਟਡ ਕੀਤਾ

## 80 ਫੀਸਦੀ ਮੈਂਬਰਾਂ ਨੇ ਇਸ ਦੇ ਹੱਕ ਵਿਚ ਵੋਟ ਪਾਈ



ਵੈਨਕੂਵਰ-ਹੁਣ ਜਦੋਂ ਬ੍ਰਿਟਿਸ਼ ਕੋਲੰਬੀਆ ਦੇ ਲੋਕ ਅਗਲੀਆਂ ਸੂਬਾਈ ਚੋਣਾਂ ਵਿੱਚ ਵੋਟ ਪਾਉਣ ਲਈ ਜਾਣਗੇ , ਤਾਂ ਉਹਨਾਂ ਨੂੰ ਬੈਲਟ ਪੇਪਰ ਉਪਰ ਬੀ ਸੀ ਲਿਬਰਲ ਦਾ ਨਾਮ ਨਹੀ ਮਿਲੇਗਾ। ਇਸ ਦੀ ਥਾਂ ਉਹ ਹੁਣ '23 ਯੂਨਾਈਟਿਡ' ਦਾ ਨਾਮ ਦੇਖਣਗੇ। ਪਾਰਟੀ ਨੇਤਾ ਕੇਵਿਨ ਫਾਲਕਨ ਨੇ ਬੁੱਧਵਾਰ (16 ਨਵੰਬਰ) ਨੂੰ ਅਧਿਕਾਰਤ ਨਾਮ ਬਦਲਣ ਦੀ ਘੋਸ਼ਣਾ ਕੀਤੀ, ਜਦੋਂ ਪਾਰਟੀ ਦੇ 80 ਪ੍ਰਤੀਸ਼ਤ ਮੈਂਬਰਾਂ ਨੇ ਤਿੰਨ ਦਿਨਾਂ ਦੀ ਔਨਲਾਈਨ ਵੋਟਿੰਗ ਦੌਰਾਨ ਨਾਮ ਤਬਦੀਲੀ ਦੇ ਹੱਕ ਵਿਚ ਵੋਟ ਪਾਈ। ਪਾਰਟੀ, ਜੋ ਕਿ ਬੀ.ਸੀ. ਵਿੱਚ ਅਧਿਕਾਰਤ ਵਿਰੋਧੀ ਹੈ, ਨੇ ਪਹਿਲੀ ਵਾਰ ਜੂਨ ਵਿੱਚ ਇੱਕ ਪਾਰਟੀ ਸੰਮੇਲਨ ਦੌਰਾਨ ਆਪਣਾ ਨਾਮ ਬਦਲਣ ਦਾ ਪ੍ਰਸਤਾਵਾ ਪੇਸ਼ ਕੀਤਾ ਸੀ। ਫਿਰ, 75 ਪ੍ਰਤੀਸ਼ਤ ਡੈਲੀਗੇਟਾਂ ਨੇ ਤਬਦੀਲੀ ਦੇ ਹੱਕ ਵਿੱਚ ਵੋਟ ਦਿੱਤੀ। ਪਾਰਟੀ ਦੇ ਨਵੇਂ ਨਾਮ ਦਾ ਐਲਾਨ ਕਰਦਿਆਂ ਪਾਰਟੀ ਆਗੂ ਫਾਲਕਨ ਨੇ ਕਿਹਾ ਕਿ ਇਹ ਤਬਦੀਲੀ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਇਕਮੁੱਠ ਕਰਨ ਦੇ ਪਾਰਟੀ ਦੇ ਇਰਾਦੇ ਦੀ ਨਿਸ਼ਾਨਦੇਹੀ ਕਰਦੀ ਹੈ ਜੋ ਸਾਂਝੇ ਸਿਧਾਂਤਾਂ ਅਤੇ ਕਦਰਾਂ ਕੀਮਤਾਂ ਦੁਆਰਾ ਇੱਕਜੁੱਟ ਹਨ।

# ਸਾਬਕਾ ਮੇਅਰ ਡੱਗ ਮੈਕਲਮ ਦੀ ਕਿਸਮਤ ਦਾ ਫ਼ੈਸਲਾ ਹੁਣ ਜੱਜ ਦੇ ਹੱਥ ਵਿਚ



ਸਰੀ-ਸਾਬਕਾ ਮੇਅਰ ਡੱਗ ਮੈਕਲਮ ਦੀ ਕਿਸਮਤ ਦਾ ਫੈਸਲਾ ਹੁਣ ਜੱਜ ਦੇ ਹੱਥ ਵਿਚ ਹੈ। ਜੱਜ ਰੇਜੀਨਾਲਡ ਹੈਰਿਸ 21 ਨਵੰਬਰ ਨੂੰ ਆਪਣਾ ਫ਼ੈਸਲਾ ਸੁਣਾਉਣਗੇ। ਸਰੀ ਪ੍ਰਵਿੰਸ਼ੀਅਲ ਅਦਾਲਤ ਵਿਚ ਡੱਗ ਮੈਕਲਮ ਦੀ ਜਨਤਕ ਸ਼ਰਾਰਤ ਮੁਕੱਦਮੇ ਵਿਚ ਸਪੈਸ਼ਲ ਕਰਾਊਨ ਪ੍ਰੌਸੀਕਿਊਟਰ ਰਿਚਰਡ ਫਾਉਲਰ ਨੇ ਕਿਹਾ ਕਿ ਕੋਈ ਵੀ ਦੁਸ਼ਮਣੀ ਪੁਲਿਸ ਨੂੰ ਝੂਠੇ ਬਿਆਨ ਦੇਣ ਲਈ ਜਾਇਜ਼ ਨਹੀਂ ਠਹਿਰਾਈ ਜਾ ਸਕਦੀ। ਫਾਉਲਰ ਨੇ ਕਿਹਾ ਕਿ ਕੀ ਇਹ ਦੁਰਘਟਨਾ ਹਿਟ ਐਂਡ-ਰਨ ਸੀ, ਬਿਲਕੁਲ ਨਹੀਂ। ਜਦੋਂ ਤੁਸੀਂ ਸਮੁੱਚੇ ਬਿਆਨ ਨੂੰ ਪੜ੍ਹਦੇ ਹੋ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮੈਕਲਮ ਦਾ ਪੁਲਿਸ ਕੋਲ ਇਹ ਦੋਸ਼ ਹੈ ਕਿ ਮਿਸ ਜੌਹਨਸਟੋਨ ਨੇ ਜਾਣਬੁੱਝ ਕੇ ਗੱਡੀ ਉਸ ਵੱਲ ਚਲਾਈ, ਦੂਸਰੇ ਸ਼ਬਦਾਂ ਵਿਚ ਉਸ ਦੀ ਹਿਲਜੁਲ ਸੀਮਤ ਕਰਨ ਲਈ ਅਜਿਹਾ ਕੀਤਾ ਸੀ। ਉਸ ਨੇ ਤੇਜ਼ੀ ਨਾਲ ਉਸ ਵੱਲ ਕਾਰ ਮੋੜੀ ਤੇ ਉਸ ਦਾ ਪੈਰ ਮਿਧ ਦਿੱਤਾ। ਫਾਉਲਰ ਨੇ ਦਲੀਲ ਦਿੱਤੀ ਕਿ ਡਰਾਈਵਰ ਵਜੋਂ ਡੇਬੋਰਾਹ ਜੋਹਨਸਟੋਨ ਮੈਕਲਮ ਨਾਲ ਸਾਹਮਣਾ ਹੋਣ ਪਿੱਛੋਂ ਪਾਰਕਿੰਗ ਵਿਚ ਹੀ ਰਹੀ ਜਿਸ ਮੌਕੇ ਦਾ ਉਸ ਨੇ ਉਸ ਵਲੋਂ ਉਸ ਦਾ ਪੈਰ ਮਿੱਧਣ ਦਾ ਦੋਸ਼ ਲਗਾਇਆ। ਫਾਉਲਰ ਨੇ ਕਿਹਾ ਕਿ ਟੱਕਰ ਮਾਰਨ ਦੀ ਜਾਣਬੁੱਝ ਕੇ ਕੀਤੀ ਕੋਸ਼ਿਸ਼ ਨਾਲੋਂ ਹਿਟ-ਐਂਡ-ਰਨ ਇਕ ਬਹੁਤ ਵੱਖਰੀ ਗੱਲ ਹੁੰਦੀ ਹੈ।

# ਉੱਘੇ ਗਾਇਕ ਨਛੱਤਰ ਗਿੱਲ ਨੂੰ ਸਦਮਾ-ਪਤਨੀ ਦਾ ਦੇਹਾਂਤ



ਫਗਵਾੜਾ-ਉਘੇ ਪੰਜਾਬੀ ਗਾਇਕ ਨਛੱਤਰ ਗਿੱਲ ਨੂੰ ਉਸ ਸਮੇਂ ਭਾਰੀ ਸਦਮਾ ਪੁੱਜਾ ਜਦੋਂ ਉਹਨਾਂ ਦੀ ਪਤਨੀ ਦਲਵਿੰਦਰ ਕੌਰ ਗਿੱਲ (48) ਦਾ ਅਚਾਨਕ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਕੈਂਸਰ ਜਿਹੀ ਨਾਮੁਰਾਦ ਬੀਮਾਰੀ ਤੋ ਪੀੜਤ ਸਨ। ਉਹਨਾਂ ਦਾ ਅੰਤਿਮ ਸੰਸਕਾਰ ਬੁੱਧਵਾਰ ਨੂੰ ਬਾਦ ਦੁਪਹਿਰ ਬੰਗਾ ਰੋਡ ,ਫਗਵਾੜਾ ਦੇ ਸ਼ਮਸ਼ਾਨ ਘਾਟ ਵਿਖੇ ਕਰ ਦਿੱਤਾ ਗਿਆ। ਜਿਕਰਯੋਗ ਹੈ ਕਿ ਨਛੱਤਰ ਗਿੱਲ ਵਲੋ ਅਜੇ ਦੋ ਦਿਨ ਪਹਿਲਾਂ ਹੀ ਆਪਣੀ ਵੱਡੀ ਬੇਟੀ ਸਰਪ੍ਰੀਤ ਕੌਰ ਦੀ ਸ਼ਾਦੀ ਕੀਤੀ ਗਈ ਸੀ ਅਤੇ ਬੇਟੇ ਦਾ ਵਿਆਹ ਅਗਲੇ ਦਿਨਾਂ ਵਿਚ ਨਿਸ਼ਚਿਤ ਕੀਤਾ ਗਿਆ ਸੀ। ਘਰ ਵਿਚ ਸ਼ਗਨਾਂ ਦੇ ਪ੍ਰੋਗਰਾਮ ਚੱਲ ਰਹੇ ਸਨ ਕਿ ਕੁਦਰਤ ਵਲੋ ਅਚਾਨਕ ਇਹ ਦੁਖਦਾਈ ਭਾਣਾ ਵਰਤ ਗਿਆ।

# ਭਾਰਤੀ ਵਿਦਿਆਰਥੀ ਟਿੱਕਾ ਜੈ ਸਿੰਘ ਸੋਢੀ ਨੇ ਏਅਰ ਪਿਸਟਲ ਮੁਕਾਬਲੇ ਵਿਚ ਸੋਨ ਤਮਗਾ ਜਿੱਤਿਆ



ਵੈਨਕੂਵਰ-ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵੈਨਕੂਵਰ ਵਿਚ ਡਿਗਰੀ ਕੋਰਸ ਕਰ ਰਹੇ ਮੋਹਾਲੀ, ਪੰਜਾਬ ਨਾਲ ਸਬੰਧਿਤ ਵਿਦਿਆਰਥੀ ਟਿੱਕਾ ਜੈ ਸਿੰਘ ਸੋਢੀ ਨੇ ਕੈਨੇਡਾ ਵਿਖੇ ਹੋਏ ਵੱਖ -ਵੱਖ ਸ਼ੂਟਿੰਗ ਮੁਕਾਬਲਿਆਂ ਵਿੱਚ ਤਮਗੇ ਜਿੱਤਣ ਦਾ ਮਾਣ ਹਾਸਲ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀ ਸੀ ਦੇ ਰਿਚਮੰਡ ਰੋਡ ਐਂਡ ਗੰਨ ਕਲੱਬ ਵਿਖੇ ਹੋਏ 10 ਮੀਟਰ ਏਅਰ ਪਿਸਟਲ ਮੁਕਾਬਲਿਆਂ ਦੇ ਜੂਨੀਅਰ ਵਰਗ ਵਿੱਚ ਟਿੱਕਾ ਸੋਢੀ ਨੇ ਸੋਨ ਤਮਗਾ ਹਾਸਲ ਕੀਤਾ ਹੈ। ਇਸੇ ਪ੍ਰਕਾਰ ਕੈਨੇਡਾ ਯੂਨੀਵਰਸਿਟੀ ਸ਼ੂਟਿੰਗ ਫੈਡਰੇਸ਼ਨ ਵੱਲੋਂ ਕਰਵਾਈ ਤੀਜੀ ਯੂਨੀਵਰਸਿਟੀ ਸ਼ੂਟਿੰਗ ਲੀਗ ਵਿੱਚ ਟ੍ਰੈਪ ਸ਼ੂਟਿੰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਟਿੱਕਾ ਸੋਢੀ ਨੇ ਕਾਂਸੀ ਦਾ ਤਮਗਾ ਜਿੱਤਿਆ ਹੈ। ਟਿੱਕਾ ਸੋਢੀ ਦੀ ਇਸ ਸ਼ਾਨਦਾਰ ਪ੍ਰਾਪਤੀ ਤੇ ਉਸ ਦੇ ਭਾਰਤੀ ਕੋਚ ਸੁਭਾਸ਼ ਰਾਣਾ ਅਤੇ ਲਰਨਿੰਗ ਪਾਥਸ ਸਕੂਲ ਮੋਹਾਲੀ ਦੇ ਡਾਇਰੈਕਟਰ ਰੋਬਿਨ ਅਗਰਵਾਲ ਨੇ ਉਸ ਦੇ ਦਾਦਾ ਮਨਜਿੰਦਰ ਸਿੰਘ ਸੋਢੀ ਅਤੇ ਪਿਤਾ ਅਰੁਣਜੋਤ ਸਿੰਘ ਸੋਢੀ ਨੂੰ ਵਧਾਈਆਂ ਦਿੱਤੀਆਂ ਹਨ। ਜਿਕਰਯੋਗ ਹੈ ਕਿ ਟਿੱਕਾ ਸੋਢੀ ਭਾਰਤ ਵਿਚ ਵੀ ਜੂਨੀਅਰ ਪਿਸਟਲ ਸ਼ੂਟਿੰਗ ਟੀਮ ਦਾ ਲਗਾਤਾਰ ਤਿੰਨ ਸਾਲ ਮੈਂਬਰ ਰਿਹਾ ਤੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਤਮਗੇ ਜਿੱਤ ਚੁੱਕਾ ਹੈ।


JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
BBB ACCREDITED BUSINESS
An Independent Insurance Broker
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE
UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available



MORTGAGE

| 5 YRS. VARIABLE – 25 YRS. INSURED | 5 YRS. VARIABLE – 25 YRS. INSURABLE | 5 YRS. VARIABLE – 30 YRS. PURCHASE |
|---|---|---|
| 5.05%* | 5.45%* | 5.50%* |
| (Prime –.90%) | (Prime –.50%) | (Prime –.45%) |

*Conditions Apply. Rates subject to change without notice.
Interest Rates are Rising!
TO LOCK OR NOT TO LOCK
ask for our expert guidance?
GET CASH BACK UP TO $1,000*



RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative
*Some conditions apply.



SHARNJIT GILL, AMP
604 507 1000
SURREY
Unit 244 8138 128 St
www.quickapproval.ca



# ਐਡਮਿੰਟਨ ਮੀਡੋਜ਼ ਤੋਂ ਕੰਵਰਜੀਤ ਸੰਧੂ ਵਲੋਂ ਯੂ.ਸੀ.ਪੀ. ਦੀ ਨੌਮੀਨੇਸ਼ਨ ਚੋਣ ਲੜਨ ਦਾ ਐਲਾਨ



ਐਡਮਿੰਟਨ (ਦੇ ਪ੍ਰ ਬਿ)- ਅਲਬਰਟਾ ਦੀ ਯੁਨਾਈਟਡ ਕੰਸਰਵੇਟਿਵ ਪਾਰਟੀ ( ਯੂ ਸੀ ਪੀ) ਦੇ ਨਵੇਂ ਆਗੂ ਦੀ ਚੋਣ ਅਤੇ ਡੈਨੀਅਲ ਸਮਿਥ ਦੇ ਪ੍ਰੀਮੀਅਰ ਵਜੋ ਸੂਬੇ ਦੀ ਵਾਗਡੋਰ ਸੰਭਾਲਣ ਉਪਰੰਤ ਸੰਭਾਵੀ ਆਗਾਮੀ ਚੋਣਾਂ ਲਈ ਉਮੀਦਵਾਰਾਂ ਵਲੋ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸੇ ਦੌਰਾਨ ਐਡਮਿੰਟਨ ਮੀਡੋਜ਼ ਤੋ ਨੌਜਵਾਨ ਆਗੂ ਕੰਵਰਜੀਤ ਸਿੰਘ ਸੰਧੂ ਨੇ ਯੂ ਸੀਪੀ ਦੀ ਨੌਮੀਨੇਸ਼ਨ ਚੋਣ ਲੜਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਸੁਲਤਾਨ ਬੈਂਕੁਇਟ ਹਾਲ ਵਿਖੇ ਆਯੋਜਿਤ ਇਕ ਸਮਾਗਮ ਦੌਰਾਨ ਸ਼ਹਿਰ ਦੇ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਮੂਲੀਅਤ ਕਰਦਿਆਂ ਕੰਵਰਜੀਤ ਸਿੰਘ ਸੰਧੂ ਦੀ ਨੌਮੀਨੇਸ਼ਨ ਲਈ ਸਮਰਥਨ ਦੇਣ ਦਾ ਐਲਾਨ ਕੀਤਾ। ਸਮਾਗਮ ਵਿਚ ਪੁੱਜੀਆਂ ਉਘੀਆਂ ਸ਼ਖਸੀਅਤਾਂ ਅਤੇ ਹੋਰਾਂ ਦਾ ਸਵਾਗਤ ਕਰਦਿਆਂ ਕੰਵਰਜੀਤ ਸੰਧੂ ਨੇ ਪ੍ਰੀਮੀਅਰ ਡੈਨੀਅਲ ਸਮਿਥ ਦੀ ਅਗਵਾਈ ਹੇਠ ਯੂਸੀਪੀ ਵਲੋ ਆਗਾਮੀ ਚੋਣਾਂ ਵਿਚ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਦੀ ਆਸ ਪ੍ਰਗਟਾਈ। ਉਹਨਾਂ ਕਿਹਾ ਕਿ ਉਹਨਾਂ ਨੇ ਵੀ ਆਪਣੇ ਸਮਰਥਕਾਂ ਤੇ ਸਹਿਯੋਗੀਆਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਐਡਮਿੰਟਨ ਮੀਡੋਜ ਹਲਕੇ ਤੋ ਯੂ ਸੀਪੀ ਉਮੀਦਵਾਰ ਵਜੋ ਚੋਣ ਲੜਨ ਦਾ ਫੈਸਲਾ ਕੀਤਾ ਹੈ। ਉਹਨਾਂ ਆਪਣੀ ਨੌਮੀਨੇਸ਼ਨ ਲਈ ਪਾਰਟੀ ਮੈਂਬਰਾਂ ਅਤੇ ਸਮਰਥਕਾਂ ਨੂੰ ਭਰਵੇਂ ਸਹਿਯੋਗ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋ ਇਲਾਵਾ ਉਘੇ ਬਿਜਨੈਸਮੈਨ ਡਾ ਪ੍ਰੇਮ ਸਿੰਘਮਾਰ, ਅਵਤਾਰ ਸਿੰਘ ਵਿਰਕ, ਹਰਬੀਰ ਸਿੰਘ ਸੰਧੂ, ਦਰਸ਼ਨ ਸਿੰਘ ਗਿੱਲ ਸਾਬਕਾ ਪ੍ਰਧਾਨ, ਦਰਸ਼ਨ ਗਿੱਲ ਰੀਐਲਟਰ, ਕਰਨੈਲ ਸਿੰਘ ਦਿਓਲ, ਸੀਤਲ ਨੰਨੂਆ, ਰਣਜੀਤ ਪਵਾਰ, ਪ੍ਰਿਤਪਾਲ ਸਿੰਘ ਹੁੰਦਲ, ਜੋਗਾ ਸਿੰਘ ਖਹਿਰਾ, ਬਲਦੇਵ ਸਿੰਘ ਧਾਲੀਵਾਲ, ਵਤਨ ਘੁੰਮਣ, ਧਰਮਿੰਦਰ ਮੁਲਤਾਨੀ, ਗੁਰਜੋਤ ਸਿੰਘ ਬਿਨਿੰਗ, ਚਰਨਕਵਲ ਸਿੰਘ ਸੱਗੂ, ਕੰਚਨ ਬਹਿਲ, ਭਾਰਤ ਅਗਨੀਹੋਤਰੀ, ਗੁਰਪ੍ਰੀਤ ਗਿੱਲ, ਰਣਜੀਤ ਰੰਧਾਵਾ, ਮਿੱਟੂ ਕਾਹਲੋਂ, ਜਗਜੀਤ ਕਾਹਲੋਂ, ਫਰਿਆਦ ਪੰਨੂ, ਰਣਜੀਤ ਸਿੰਘ ਖਾਲਸਾ, ਬਲਦੇਵ ਸਿੰਘ ਗਿੱਲ , ਇਦਜਰਜੀਤ , ਮਨਦੀਪ ਖਹਿਰਾ, ਰਛਪਾਲ ਖਹਿਰਾ, ਪਾਲ ਬੋਪਾਰਾਏ, ਰਮਨਦੀਪ ਰੰਧਾਵਾ, ਗੁਰਸੇਵਕ ਸਿ ?ਧੂ, ਮਨਜੀਤ ਸਿੰਘ , ਹਰਜੀਤ ਸੰਧੂ, ਮਨਰਾਜ ਸੰਧੂ ਤੇ ਹੋਰ ਕਈ ਹਾਜਰ ਸਨ। ਖਾਣ ਪੀਣ ਦਾ ਪ੍ਰਬੰਧ ਫਰਿਆਦ ਪੰਨੂੰ ਵਲੋ ਕੀਤਾ ਗਿਆ। ਨੌਜਵਾਨ ਆਗੂ ਕੰਵਰਜੀਤ ਸੰਧੂ ਦੇ ਪਿਤਾ ਸ ਸਕੱਤਰ ਸਿੰਘ ਸੰਧੂ ਵਲੋ ਆਏ ਮਹਿਮਾਨਾਂ ਅਤੇ ਸੁਲਤਾਨ ਬੈਂਕੁਇਟ ਹਾਲ ਦੇ ਮਾਲਕ ਤਾਰਿਕ ਚੌਧਰੀ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਸਰੀ ਫ਼ੈਸਲੇ ਤੋਂ ਪਹਿਲਾਂ ਮਿਉਂਸਪਲ ਪੁਲਿਸ ਫੋਰਸ ’ਤੇ ਖਰਚ ਨਹੀਂ ਰੋਕ ਸਕਦਾ-ਮਾਈਕ ਫਾਰਨਵਰਥ



ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੇ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਈਕ ਫਾਰਨਵਰਥ ਨੇ ਕਿਹਾ ਕਿ ਆਰ ਸੀ ਐਮ ਪੀ ਤੋਂ ਟਰਾਂਜ਼ੀਸ਼ਨ ਰੋਕਣ ਲਈ ਫ਼ੈਸਲਾ ਲਏ ਜਾਣ ਤੋਂ ਪਹਿਲਾਂ ਸਰੀ ਸ਼ਹਿਰ ਕੋਲ ਸਰੀ ਪੁਲਿਸ ਸਰਵਿਸ ਵਲੋਂ ਕੀਤੇ ਜਾ ਰਹੇ ਖਰਚ ਨੂੰ ਰੋਕਣ ਦਾ ਅਧਿਕਾਰ ਨਹੀਂ। ਟਰਾਂਜ਼ੀਸ਼ਨ ਬਾਰੇ ਅੰਤਿਮ ਫ਼ੈਸਲਾ ਸੂਬਾ ਸਰਕਾਰ ਨੇ ਲੈਣਾ ਹੈ। ਫਾਰਨਵਰਥ ਨੇ ਇਹ ਵੀ ਕਿਹਾ ਕਿ ਜੇਕਰ ਮਿਉਂਸਪਲ ਪੁਲਿਸ ਫੋਰਸ ਨੂੰ ਟਰਾਂਜ਼ੀਸ਼ਨ ਰੋਕ ਦਿੱਤੀ ਜਾਂਦੀ ਹੈ ਤਾਂ ਸ਼ਹਿਰ ਸਾਰੇ ਖਰਚਿਆਂ ਲਈ ਜ਼ਿੰਮੇਵਾਰ ਹੈ। ਸਰੀ ਪੁਲਿਸ ਸਰਵਿਸ (ਐਸਪੀਐਸ) ਨੇ 315 ਅਫਸਰ ਭਰਤੀ ਕੀਤੇ ਹੋਏ ਹਨ ਜਿਨ੍ਹਾਂ ਵਿਚੋਂ 154 ਪਹਿਲਾਂ ਹੀ ਆਰਸੀਐਮਪੀ ਦੇ ਅਧਿਕਾਰ ਖੇਤਰ ਵਿਚ ਸੜਕਾਂ ’ਤੇ ਕੰਮ ਕਰ ਰਹੇ ਹਨ। ਸੋਮਵਾਰ ਰਾਤ ਸਰੀ ਕੌਂਸਲ ਨੇ ਆਰਸੀਐਮਪੀ ਨੂੰ ਅਧਿਕਾਰ ਖੇਤਰ ਦੀ ਪੁਲਿਸ ਵਜੋਂ ਕਾਇਮ ਰੱਖਣ ਲਈ ਮਤੇ ਨੂੰ ਪ੍ਰਵਾਨਗੀ ਪ੍ਰਾਪਤ ਕਰਨ ਨਾਲ ਮਿਉਂਸਪਲ ਪੁਲਿਸ ਨੂੰ ਖਤਮ ਕਰਨ ਦਾ ਪਹਿਲਾ ਕਦਮ ਚੁੱਕਿਆ ਹੈ। ਸ਼ਹਿਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਕੌਂਸਲ ਦੀ ਤਰਫੋਂ ਇਕ ਪੱਤਰ ਭੇਜ ਕੇ ਸਰੀ ਪੁਲਿਸ ਬੋਰਡ ਨੂੰ ਕੌਂਸਲ ਦੀ ਅਗਲੀ ਹਦਾਇਤ ਤਕ ਸਾਰੀ ਨਵੀਂ ਭਰਤੀ ਅਤੇ ਖਰਚੇ ਰੋਕਣ ਲਈ ਕਿਹਾ ਜਾਵੇਗਾ। ਵਿਕਟੋਰੀਆ ਵਿਚ ਪੱਤਰਕਾਰਾਂ ਦੇ ਪ੍ਰਸ਼ਨਾਂ ਦਾ ਜਵਾਬ ਦਿੰਦਿਆਂ ਫਾਰਨਵਰਥ ਨੇ ਕਿਹਾ ਕਿ ਉਨ੍ਹਾਂ ਕੋਲ ਖਰਚ ਨੂੰ ਰੋਕਣ ਦਾ ਕੋਈ ਅਧਿਕਾਰ ਨਹੀਂ। ਟਰਾਂਜ਼ੀਸ਼ਨ ਯੋਜਨਾ ਪਹਿਲਾਂ ਹੀ ਹੋਂਦ ਵਿਚ ਆ ਚੁੱਕੀ ਹੈ। ਜਦੋਂ ਤਕ ਨਵੀਂ ਯੋਜਨਾ ਨਹੀਂ ਆਉਂਦੀ ਉਸ ਸਮੇਂ ਤਕ ਇਹ ਯੋਜਨਾ ਜਾਰੀ ਰਹੇਗੀ। ਫਾਰਨਵਰਥ ਨੂੰ ਦੱਸਿਆ ਗਿਆ ਕਿ ਉਹ ਮਹੀਨੇ ਦੇ ਅਖੀਰ ਤਕ ਸਰੀ ਤੋਂ ਯੋਜਨਾ ਦੀ ਆਸ ਕਰ ਸਕਦੇ ਹਨ। ਫਾਰਨਵਰਥ ਨੇ ਮੁੜ ਦੁਹਰਾਇਆ ਕਿ ਸ਼ਹਿਰ ਨੂੰ ਇਹ ਪੂਰੀ ਤਰ੍ਹਾਂ ਸਪਸ਼ਟ ਕਰਨਾ ਪਵੇਗਾ ਕਿ ਉਸ ਕੋਲ ਮਿਉਂਸਪਲ ਪੁਲਿਸ ਫੋਰਸ ਰੋਕਣ ਦਾ ਕੀ ਪ੍ਰਸਤਾਵ ਹੈ। ਲਾਗਤ ਤੇ 300 ਪੁਲਿਸ ਅਫਸਰਾਂ ਜਿਹੜੇ ਨੇਕਨੀਅਤ ਨਾਲ ਐਸਪੀਐਸ ਵਿਚ ਸ਼ਾਮਿਲ ਹੋਏ ਹਨ ਨਾਲ ਕਿਸ ਤਰ੍ਹਾਂ ਨਜਿੱਠੇਗਾ। ਉਨ੍ਹਾਂ ਕਿਹਾ ਕਿ ਆਰਸੀਐਮਪੀ ਨੂੰ ਵੀ ਇਹ ਯੋਜਨਾ ਮੁਹੱਈਆ ਕਰਨੀ ਪਵੇਗੀ ਕਿ ਉਹ ਕਿਵੇਂ ਸਰੀ ਵਿਚ ਨਵਾਂ ਸਟਾਫ ਰੱਖੇਗਾ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

ਸੰਪਾਦਕੀ

## ਸਰੀ ਪੁਲਿਸ ਬਨਾਮ ਆਰ.ਸੀ.ਐਮ.ਪੀ. ਮਾਮਲਾ

# ਅੰਤਿਮ ਫ਼ੈਸਲਾ ਸੂਬਾ ਸਰਕਾਰ ਦੇ ਹੱਥ...

**ਸੁਖਵਿੰਦਰ ਸਿੰਘ ਚੋਹਲਾ**



ਸਰੀ ਸਿਟੀ ਕੌਂਸਲ ਦੀ ਪਹਿਲੀ ਮੀਟਿੰਗ ਦੌਰਾਨ ਸਰੀ ਕੁਨੈਕਟ ਵਲੋਂ ਸ਼ਹਿਰ ਵਿਚ ਆਰ ਸੀ ਐਮ ਪੀ ਦੀਆਂ ਸੇਵਾਵਾਂ ਜਾਰੀ ਰੱਖਣ ਸਬੰਧੀ ਲਿਆਂਦਾ ਮਤਾ ਬਹੁਸੰਮਤੀ ਨਾਲ ਪਾਸ ਹੋ ਗਿਆ ਹੈ। 9 ਮੈਂਬਰੀ ਕੌਂਸਲ ਸਾਹਮਣੇ ਵਿਸ਼ੇਸ਼ ਮਤਾ ਪੇਸ਼ ਕਰਦਿਆਂ ਪੁੱਛਿਆ ਗਿਆ ਕਿ ਕਮਿਊਨਿਟੀ ਵਿਚ ਪੁਲਿਸ ਪ੍ਰਬੰਧ ਬਾਰੇ ਮਿਊਂਸਪਲ ਪੁਲਿਸ ਜਾਂ ਆਰਸੀਐਮਪੀ ਵਿਚੋਂ ਕਿਸ ਦੀ ਚੋਣ ਕੀਤੀ ਜਾਵੇ? ਆਰਸੀਐਮਪੀ ਕੰਟਰੈਕਟ ਕਾਇਮ ਰੱਖਣ ਦੇ ਪੱਖ ਵਿਚ ਮੇਅਰ ਬਰੈਂਡਾ ਲੌਕ ਅਤੇ ਸਰੀ ਕੁਨੈਕਟ ਪਾਰਟੀ ਦੇ ਸਾਰੇ ਮੈਂਬਰਾਂ ਗੋਰਡਨ ਹੈਪਨਰ, ਰੋਬ ਸਟੱਟ, ਹੈਰੀ ਬੈਂਸ ਤੇ ਪ੍ਰਦੀਪ ਕੂਨਰ ਨੇ ਵੋਟ ਦਿੱਤਾ? ਸੇਫ ਸਰੀ ਅਤੇ ਸਰੀ ਫਸਟ ਦੇ ਦੋ ਦੋ ਕੌਂਸਲਰਾਂ ਵਲੋਂ ਮਤੇ ਦਾ ਵਿਰੋਧ ਕੀਤੇ ਜਾਣ ਦੇ ਬਾਵਜੂਦ ਇਹ ਮਤਾ 5-4 ਨਾਲ ਪਾਸ ਹੋ ਗਿਆ। 2018 ਤੋਂ ਸਰੀ ਵਿਚ ਪੁਲਿਸ ਇਕ ਵੰਡ ਵਾਲਾ ਮੁੱਦਾ ਰਿਹਾ ਹੈ ਜਦੋਂ ਸਾਬਕਾ ਮੇਅਰ ਡੱਗ ਮੈਕਲਮ ਨੇ ਆਰਸੀਐਮਪੀ ਤੋਂ ਛੁਟਕਾਰਾ ਪਾਉਣ ਦੇ ਵਾਅਦੇ ਨਾਲ ਸੱਤਾ ਸੰਭਾਲੀ ਸੀ? ਇਸ ਦੇ ਉਲਟ ਲੌਕ ਨੇ ਆਰਸੀਐਮਪੀ ਨੂੰ ਕਾਇਮ ਰੱਖਣ ਦੇ ਵਾਅਦੇ ਨਾਲ 2022 ਵਿਚ ਮੈਕਲਮ ਖਿਲਾਫ ਮੁਹਿੰਮ ਚਲਾਈ? ਕਿਹਾ ਜਾ ਸਕਦਾ ਹੈ ਕਿ ਜਿਵੇਂ ਪਿਛਲੀ ਵਾਰ ਡੱਗ ਮੈਕੱਲਮ ਦੀ ਅਗਵਾਈ ਵਾਲੀ ਟੀਮ ਮਿਊਂਸਪਲ ਪੁਲਿਸ ਦੇ ਨਾਮ ਹੇਠ ਸਿਟੀ ਉਪਰ ਕਾਬਜ਼ ਹੋਣ ਵਿਚ ਸਫਲ ਰਹੀ ਉਵੇਂ ਹੀ ਬਰੈਂਡਾ ਲੌਕ ਆਰ ਸੀ ਐਮ ਪੀ ਦੀਆਂ ਸੇਵਾਵਾਂ ਬਰਕਰਾਰ ਰੱਖੇ ਜਾਣ ਦੇ ਨਾਮ ਹੇਠ ਮੇਅਰ ਦੀ ਕੁਰਸੀ ਤੱਕ ਪੁੱਜਣ ਵਿਚ ਸਫਲ ਰਹੀ। ਉਸ ਵਲੋਂ ਸਿਟੀ ਕੌਂਸਲ ਦੀ ਪਹਿਲੀ ਮੀਟਿੰਗ ਦੌਰਾਨ ਹੀ ਆਪਣਾ ਚੋਣ ਵਾਅਦਾ ਪੂਰਾ ਕਰਦਿਆਂ ਆਰ ਸੀ ਐਮ ਪੀ ਦੀਆਂ ਸੇਵਾਵਾਂ ਜਾਰੀ ਰੱਖਣ ਸਬੰਧੀ ਮਤਾ ਪਾਸ ਕਰਵਾ ਲਿਆ ਗਿਆ ਹੈ। ਹੁਣ ਸਵਾਲ ਇਹ ਹੈ ਕਿ ਕੀ ਇਹ ਮਤਾ ਪਾਸ ਹੋਣ ਉਪਰੰਤ ਕੀ ਮਿਊਂਸਪਲ ਪੁਲਿਸ ਦਾ ਭੋਗ ਪੈ ਜਾਵੇਗਾ ਜਾਂ ਨਹੀਂ। ਇਸ ਦੌਰਾਨ ਸੂਬੇ ਦੇ ਸੋਲਿਸਟਰ ਜਨਰਲ ਵਲੋਂ ਦਿੱਤਾ ਗਿਆ ਬਿਆਨ ਕਾਫੀ ਮਹੱਤਵਪੂਰਣ ਹੈ। ਪਬਲਿਕ ਸੇਫਟੀ ਮਨਿਸਟਰ ਮਾਈਕ ਫਾਰਨਵਰਥ ਨੇ ਸਪੱਸ਼ਟ ਕੀਤਾ ਹੈ ਕਿ ਸਿਟੀ ਕੌਂਸਲ ਵਲੋਂ ਸਰੀ ਪੁਲਿਸ ਸਰਵਿਸ ਨੂੰ ਕੰਮ ਜਾਰੀ ਰੱਖਣ ਜਾਂ ਖਰਚਾ ਕਰਨ ਤੋ ਰੋਕਣ ਦਾ ਅਜੇ ਕੋਈ ਅਧਿਕਾਰ ਨਹੀ ਹੈ। ਇਸ ਸਬੰਧੀ ਕੋਈ ਵੀ ਅੰਤਿਮ ਫੈਸਲਾ ਸੂਬਾ ਸਰਕਾਰ ਵਲੋਂ ਲਿਆ ਜਾਵੇਗਾ। ਉਹਨਾਂ ਹੋਰ ਕਿਹਾ ਹੈ ਕਿ ਅਗਰ ਮਿਊਂਸਪਲ ਪੁਲਿਸ ਟਰਾਂਜੀਸ਼ਨ ਰੋਕੀ ਜਾਂਦੀ ਹੈ ਤਾਂ ਸਟਾਫ ਨੂੰ ਹਰਜਾਨਾ ਦਿੱਤੇ ਜਾਣ ਦੇ ਨਾਲ ਹੋਰ ਲਾਗਤਾਂ ਦਾ ਖਰਚ ਵੀ ਸਿਟੀ ਨੂੰ ਸਹਿਣ ਕਰਨਾ ਪਵੇਗਾ। ਜ਼ਿਕਰਯੋਗ ਹੈ ਕਿ ਇਸ ਸਮੇਂ ਸਰੀ ਪੁਲਿਸ ਵਲੋਂ 315 ਅਫਸਰ ਭਰਤੀ ਕੀਤੇ ਜਾ ਚੁੱਕੇ ਹਨ ਜਿਹਨਾਂ ਚੋ 154 ਅਫਸਰ ਆਰ ਸੀ ਐਮ ਪੀ ਦੀ ਅਗਵਾਈ ਹੇਠ ਪਹਿਲਾਂ ਹੀ ਸ਼ਹਿਰ ਵਿਚ ਡਿਊਟੀ ਕਰ ਰਹੇ ਹਨ। ਸਿਟੀ ਕੌਂਸਲ ਵਲੋ ਬੀਤੇ ਮੰਗਲਵਾਰ ਨੂੰ ਸ਼ਹਿਰ ਵਿਚ ਆਰ ਸੀ ਐਮ ਪੀ ਦੀਆਂ ਸੇਵਾਵਾਂ ਜਾਰੀ ਰੱਖੇ ਜਾਣ ਸਬੰਧੀ ਮਤਾ ਪਾਸ ਕੀਤੇ ਜਾਣ ਉਪਰੰਤ ਸਿਟੀ ਪ੍ਰਸ਼ਾਸਨ ਵਲੋਂ ਸਰੀ ਪੁਲਿਸ ਨੂੰ ਇਕ ਪੱਤਰ ਰਾਹੀਂ ਨਵੀਂ ਭਰਤੀ ਕਰਨ ਤੋਂ ਰੋਕਣ ਦੇ ਨਾਲ ਕੋਈ ਵੀ ਹੋਰ ਖਰਚਾ ਨਾ ਕੀਤੇ ਜਾਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਇਸਦੇ ਜਵਾਬ ਵਿਚ ਪਬਲਿਕ ਸੇਫਟੀ ਮਨਿਸਟਰ ਦਾ ਕਹਿਣਾ ਹੈ ਕਿ ਸਿਟੀ ਵਲੋਂ ਨਵੀ ਪਲਾਨ ਲਿਆਂਦੇ ਜਾਣ ਤੱਕ ਪੁਰਾਣੀ ਪਲਾਨ ਤਹਿਤ ਸਰੀ ਪੁਲਿਸ ਨੂੰ ਕਿਸੇ ਵੀ ਖਰਚੇ ਬਾਰੇ ਰੋਕਿਆ ਨਹੀਂ ਜਾ ਸਕਦਾ। ਸਿਟੀ ਵਲੋਂ ਸੂਬਾ ਸਰਕਾਰ ਨੂੰ ਦੱਸਿਆ ਗਿਆ ਹੈ ਕਿ ਨਵੀਂ ਪਲਾਨ ਇਸ ਮਹੀਨੇ ਦੇ ਅੰਤ ਤੱਕ ਪੇਸ਼ ਕਰ ਦਿੱਤੀ ਜਾਵੇਗੀ। ਪਰ ਇਸਦੇ ਨਾਲ ਹੀ ਮੰਤਰੀ ਨੇ ਦੁਹਰਾਇਆ ਹੈ ਕਿ ਸਿਟੀ ਨੂੰ ਇਸ ਸਬੰਧੀ ਵਿਸਥਾਰਿਤ ਰਿਪੋਰਟ ਦੇਣੀ ਹੋਵੇਗੀ ਕਿ ਮਿਊਂਸਪਲ ਪੁਲਿਸ ਦਾ ਕੰਮਕਾਰ ਕਿਵੇਂ ਠੱਪ ਕਰਨਾ ਹੈ, ਇਸਦੀ ਲਾਗਤ ਕੀ ਹੋਵੇਗੀ ਤੇ ਸਭ ਤੋ ਅਹਿਮ ਇਹ ਕਿ 300 ਤੋਂ ਉਪਰ ਮਿਊਂਸਪਲ ਪੁਲਿਸ ਅਫਸਰ ਜਿਹਨਾਂ ਨੇ ਆਪਣਾ ਭਵਿੱਖ ਮਿਊਂਸਪਲ ਪੁਲਿਸ ਨਾਲ ਜੋੜਿਆ ਹੈ, ਉਹਨਾਂ ਦੇ ਭਵਿੱਖ ਦਾ ਫੈਸਲਾ ਕੀ ਹੋਵੇਗਾ। ਇਸਦੇ ਨਾਲ ਹੀ ਆਰ ਸੀ ਐਮ ਪੀ ਨੂੰ ਵੀ ਇਹ ਜਾਣਕਾਰੀ ਵੀ ਮੁਹੱਈਆ ਕਰਵਾਉਣੀ ਹੋਵੇਗੀ ਕਿ ਉਸ ਵਲੋਂ ਸਰੀ ਸਟਾਫ ਨੂੰ ਅਡਜਸਟ ਕਰਨ ਦੀ ਯੋਜਨਾ ਕੀ ਹੈ। ਉਹਨਾਂ ਹੋਰ ਕਿਹਾ ਕਿ ਸੂਬੇ ਦੇ ਸੋਲਿਸਟਰ ਜਨਰਲ ਹੋਣ ਦੇ ਨਾਤੇ ਉਹਨਾਂ ਲਈ ਕੇਵਲ ਇਕ ਸ਼ਹਿਰ ਨਹੀ ਬਲਿਕ ਪੂਰੇ ਸੂਬੇ ਦੀ ਸੁਰੱਖਿਆ ਬਾਰੇ ਚਿੰਤਾ ਕਰਨਾ ਮਹੱਤਵਪੂਰਣ ਹੈ। ਇਸ ਲਈ ਸਿਟੀ ਵਲੋਂ ਪੇਸ਼ ਕੀਤੀ ਜਾਣ ਵਾਲੀ ਯੋਜਨਾ ਉਪਰੰਤ ਹੀ ਕੋਈ ਫੈਸਲਾ ਲਿਆ ਜਾ ਸਕੇਗਾ। ਸਰੀ ਪੁਲਿਸ ਦੀ ਸਥਾਪਨਾ ਉਪਰ ਹੁਣ ਤੱਕ 100 ਮਿਲੀਅਨ ਡਾਲਰ ਖਰਚੇ ਜਾ ਚੁੱਕੇ ਹਨ। ਮਿਊਂਸਪਲ ਪੁਲਿਸ ਵਿਚ 154 ਅਫਸਰ ਪਹਿਲਾਂ ਹੀ ਕੰਮ ਕਰ ਰਹੇ ਹਨ ਤੇ 35 ਅਫਸਰ ਇਸ ਮਹੀਨੇ ਦੇ ਅੰਤ ਤੱਕ ਅਤੇ 20 ਹੋਰ ਜਨਵਰੀ ਤੱਕ ਭਰਤੀ ਕੀਤੇ ਜਾਣ ਦੀ ਯੋਜਨਾ ਹੈ। ਪਰ ਹੁਣ ਸਰੀ ਪੁਲਿਸ ਦਾ ਕੰਮ ਰੋਕੇ ਜਾਣ ਉਪਰ ਪੁਲਿਸ ਅਫਸਰਾਂ ਨੂੰ ਹਰਜਾਨਾ ਭਰਨ ਸਮੇਤ ਕੁਲ ਲਾਗਤ 188 ਮਿਲੀਅਨ ਡਾਲਰ ਖਰਚ ਆਉਣ ਦਾ ਅਨੁਮਾਨ ਹੈ। ਮੇਅਰ ਬਰੈਂਡਾ ਨੇ ਆਪਣੀ ਚੋਣ ਮੁਹਿੰਮ ਦੌਰਾਨ ਦਾਅਵਾ ਕੀਤਾ ਸੀ ਕਿ ਸਰੀ ਪੁਲਿਸ ਉਪਰ ਆਰ ਸੀ ਐਮ ਪੀ ਦੀਆਂ ਸੇਵਾਵਾਂ ਨਾਲੋ ਪ੍ਰਤੀ ਸਾਲ 130 ਮਿਲੀਅਨ ਡਾਲਰ ਵਧੇਰੇ ਖਰਚਾ ਆਵੇਗਾ ਜਦੋਂਕਿ ਹੁਣ ਕਿਹਾ ਜਾ ਰਿਹਾ ਹੈ ਕਿ ਸਰੀ ਪੁਲਿਸ ਆਰ ਸੀ ਐਮ ਪੀ ਨਾਲੋਂ ਪ੍ਰਤੀ ਸਾਲ 18.3 ਮਿਲੀਅਨ ਡਾਲਰ ਜਿਆਦਾ ਮਹਿੰਗੀ ਹੈ। ਪਬਲਿਕ ਸੇਫਟੀ ਮਨਿਸਟਰ ਦੇ ਬਿਆਨ ਉਪੰਰਤ ਸਰੀ ਪੁਲਿਸ ਬੋਰਡ ਨੇ ਵੀ ਕੁਝ ਰਾਹਤ ਮਹਿਸੂਸ ਕੀਤੀ ਹੈ। ਸਰੀ ਪੁਲਿਸ ਬੋਰਡ ਦੀ ਐਗਜੈਕਟਿਵ ਡਾਇਰੈਕਟਰ ਮੈਲੀਸਾ ਗਰੈਨਮ ਦਾ ਕਹਿਣਾ ਹੈ ਕਿ ਸਿਟੀ ਕੌਂਸਲ ਵਲੋਂ ਪਾਸ ਕੀਤੇ ਗਏ ਮਤੇ ਦੇ ਸੰਦਰਭ ਵਿਚ ਸੂਬਾ ਸਰਕਾਰ ਨਾਲ ਸਲਾਹ ਮਸ਼ਵਰਾ ਕਰਨਗੇ ਕਿਉਂਕਿ ਪੁਲਿਸ ਐਕਟ ਤਹਿਤ ਇਸ ਸਬੰਧੀ ਕੋਈ ਵੀ ਫੈਸਲਾ ਲੈਣ ਲਈ ਫਾਈਨਲ ਅਥਾਰਟੀ ਸੂਬਾ ਸਰਕਾਰ ਹੀ ਹੈ। ਸਰੀ ਪੁਲਿਸ ਯੂਨੀਅਨ ਪਹਿਲਾਂ ਹੀ ਸਿਟੀ ਕੌਂਸਲ ਅਤੇ ਆਰ ਸੀ ਐਮ ਪੀ ਨਾਲ ਕਿਸੇ ਵੀ ਤਰਾਂ ਦਾ ਸਹਿਯੋਗ ਨਾ ਕੀਤੇ ਜਾਣ ਦਾ ਆਪਣਾ ਇਰਾਦਾ ਜਾਹਰ ਕਰ ਚੁੱਕੀ ਹੈ। ਯੂਨੀਅਨ ਵਲੋਂ ਇਸ ਸਬੰਧੀ ਇਕ ਸਾਂਝਾ ਬਿਆਨ ਵੀ ਜਾਰੀ ਕੀਤਾ ਗਿਆ ਹੈ ਜਿਸਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਹ ਸਿਟੀ ਕੌਂਸਲ ਖਿਲਾਫ ਅਦਾਲਤ ਦਾ ਦਰਵਾਜਾ ਵੀ ਖਟਖਟਾ ਸਕਦੇ ਹਨ ਜਿਸ ਕਾਰਣ ਸਿਟੀ ਨੂੰ ਕਨੂੰਨੀ ਉਲਝਣਾਂ ਦੇ ਨਾਲ ਘੱਟੋ ਘਟ ਕਈ ਮਿਲੀਅਨ ਡਾਲਰ ਦੇ ਮੁਆਵਜੇ ਲਈ ਤਿਆਰ ਰਹਿਣਾ ਹੋਵੇਗਾ। ਅਜਿਹੀ ਕਨੂੰਨੀ ਉਲਝਣ ਕਿਸੇ ਵੀ ਹਾਲਤ ਵਿਚ ਸਿਟੀ ਪ੍ਰਸਾਸ਼ਨ ਜਾਂ ਸ਼ਹਿਰੀਆਂ ਦੇ ਹਿੱਤ ਵਿਚ ਨਹੀ ਹੋਵੇਗੀ। ਇਸ ਮੁੱਦੇ ਉਪਰ ਸੂਬੇ ਦੀ ਸੱਤਾਧਾਰੀ ਪਾਰਟੀ ਬੀ ਸੀ ਐਨ ਡੀ ਪੀ ਅਤੇ ਮੁੱਖ ਵਿਰੋਧੀ ਪਾਰਟੀ ਬੀ ਸੀ ਲਿਬਰਲ ਦੀ ਸਥਿਤੀ ਵੀ ਦੁਬਿਧਾਪੂਰਣ ਹੈ। ਦੋਵਾਂ ਪਾਰਟੀਆਂ ਵਲੋਂ ਇਸ ਮੁੱਦੇ ਉਪਰ ਬਰੈਂਡਾ ਲੌਕ ਦੀ ਖੁੱਲੀ ਹਮਾਇਤ ਦਾ ਹੀਆ ਕਰਨਾ ਮੁਮਕਿਨ ਨਹੀ। ਜਿਥੇ ਇਕ ਪਾਸੇ ਸਰੀ ਪੁਲਿਸ ਯੂਨੀਅਨ ਵਲੋਂ ਮੇਅਰ ਬਰੈਂਡਾ ਲੌਕ ਦੇ ਫੈਸਲੇ ਖਿਲਾਫ ਡਟਣ ਦਾ ਐਲਾਨ ਕਰ ਦਿੱਤਾ ਗਿਆ ਹੈ ਉਥੇ ਖਬਰ ਹੈ ਕਿ ਕੀਪ ਆਰ ਸੀ ਐਮ ਪੀ ਇਨ ਸਰੀ ਦੀ ਤਰਜ਼ ਉਪਰ ਕੀਪ ਸਰੀ ਪੁਲਿਸ ਮੁਹਿੰਮ ਵੀ ਤਿਆਰ ਖੜੀ ਹੈ। ਅਜਿਹੀ ਸਥਿਤੀ ਵਿਚ ਚਿੰਤਾ ਕਰਨੀ ਬਣਦੀ ਹੈ ਕਿ ਸਰੀ ਨਿਵਾਸੀਆਂ ਦੀ ਸੁਰੱਖਿਆ ਦਾ ਮਹੱਤਵਪੂਰਣ ਮੁੱਦਾ ਹੁਣ ਸਿਆਸੀ ਚੱਕਰਾਂ ਤੋ ਬਾਦ ਅਦਾਲਤੀ ਚੱਕਰਾਂ ਵਿਚ ਉਲਝਣ ਵਾਲਾ ਤਾਂ ਨਹੀਂ ?












ਸਿਟੀ ਕੌਂਸਲ ਵਲੋਂ ਗੁਰੂ ਨਾਨਕ ਡੇਅ ਦੇ ਐਲਾਨਨਾਮੇ ਦੀ ਕਾਪੀ ਭੇਟ ਕਰਦੇ ਹੋਏ ਕੌਂਸਲਰ ਐਨੀ ਰਾਈਟ। ਤੇ ਨਾਲ ਹਨ ਹਰਪਾਲ ਸਿੰਘ ਸਿੱਧੂ, ਮੇਹਰ ਸਿੰਘ ਗਿੱਲ, ਜੁਝਾਰ ਸਿੰਘ ਬੈਂਸ, ਕਰਨੈਲ ਸਿੰਘ ਭਮਰਾ, ਗੁਰਚਰਨ ਸਿੰਘ ਸੰਘਾ ਅਤੇ ਸੁਰਿੰਦਰ ਸਿੰਘ ਹੁੰਜਨ ਤੇ ਹੋਰ।

# ਐਡਮਿੰਟਨ ਸਿਟੀ ਕੌਂਸਲ ਵੱਲੋਂ ਗੁਰੂ ਨਾਨਕ ਦਿਵਸ ਮਨਾਉਣ ਦਾ ਐਲਾਨਨਾਮਾ ਜਾਰੀ

## ਐਡਮਿੰਟਨ ਫੂਡ ਬੈਂਕ ਨੂੰ 13 ਹਜ਼ਾਰ 13 ਡਾਲਰ ਦਾ ਚੈਕ ਭੇਟ

ਐਡਮਿੰਟਨ-ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ 553ਵਾਂ ਪ੍ਰਕਾਸ਼ ਪੁਰਬ ਮੰਗਲਵਾਰ, 8 ਨਵੰਬਰ, 2022 ਨੂੰ ਐਡਮਿੰਟਨ ਦੇ ਸਾਰੇ ਗੁਰੂ ਘਰਾਂ ਸਮੇਤ ਦੁਨੀਆ ਭਰ ਵਿੱਚ ਮਨਾਇਆ ਗਿਆ। ਇਸ ਪਵਿੱਤਰ ਦਿਹਾੜੇ ਮੌਕੇ ਵਿਸਾਖੀ ਨਗਰ ਕੀਰਤਨ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿੱਥੇ ਕੌਂਸਲਰ ਜੋ-ਐਨ ਰਾਈਟ ਨੇ ਮੇਅਰ ਅਮਰਜੀਤ ਸੋਹੀ ਦੀ ਤਰਫੋਂ 8 ਨਵੰਬਰ, 2022 ਨੂੰ 'ਗੁਰੂ ਨਾਨਕ ਦਿਵਸ' ਮਨਾਉਣ ਦਾ ਐਲਾਨਨਾਮਾ ਪੜ੍ਹਿਆ। ਇਸ ਮੌਕੇ ਨਗਰ ਕੀਰਤਨ ਕਮੇਟੀ ਵਲੋਂ 13013.13 ਡਾਲਰ ਦਾ ਚੈੱਕ ਐ ?ਡਮਿੰਟਨ ਫੂਡ ਬੈਂਕ ਨੂੰ ਭੇਟ ਕੀਤਾ ਗਿਆ। ਸਿੱਖ ਭਾਈਚਾਰੇ ਦੀ ਤਰਫੋਂ ਐਡਮਿੰਟਨ ਫੂਡ ਬੈਂਕ ਅਤੇ ਐਡਮਿੰਟਨ ਫੂਡ ਬੈਂਕ ਦੇ ਰਣਨੀਤਕ ਅਤੇ ਭਾਈਵਾਲੀ ਦੇ ਮੈਨੇਜਰ ਟੈਮਿਸਨ ਬੈਂਕਜ਼-ਨਾਈਟ ਦੁਆਰਾ ਚੈੱਕ ਪ੍ਰਾਪਤ ਕੀਤਾ ਗਿਆ। ਵਿਸਾਖੀ ਨਗਰ ਕੀਰਤਨ ਕਮੇਟੀ ਵਲੋਂ ਗੁਰਦੁਆਰਾ ਮਿਲਵੁੱਡਜ਼, ਗੁਰਦੁਆਰਾ ਨਾਨਕਸਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਐਡਮਿੰਟਨ ਦੇ ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬਾਨ ਦਾ ਫੰਡ ਇਕੱਠਾ ਕਰਨ ਵਿੱਚ ਮਦਦ ਕਰਨ ਲਈ ਧੰਨਵਾਦ ਕੀਤਾ ਗਿਆ।



# ਐਡਮਿੰਟਨ 'ਚ ਹਰਦਿਆਲ ਸਿੰਘ ਹੈਪੀ ਮਾਨ ਦਾ ਸਨਮਾਨ

ਐਡਮਿੰਟਨ-ਕੈਲਗਰੀ ਤੋ ਪੰਜਾਬੀ ਆਗੂ ਹਰਦਿਆਲ ਸਿੰਘ ਹੈਪੀ ਮਾਨ ਨੂੰ ਯੂ ਸੀ ਪੀ ਆਗੂ ਤੇ ਪ੍ਰੀਮੀਅਰ ਦਾ ਸੀਨੀਅਰ ਸਲਾਹਕਾਰ ਨਿਯੁਕਤ ਕੀਤੇ ਜਾਣ ਤੇ ਪੰਜਾਬੀ ਭਾਈਚਾਰੇ ਵਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ। ਬੀਤੇ ਦਿਨ ਹੈਪੀ ਮਾਨ ਦੀ ਇਸ ਨਿਯੁਕਤੀ ਉਪਰ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਾਬਕਾ ਐਮ ਐਲ ਏ ਪੀਟਰ ਸੰਧੂ, ਗੁਰਨਾਮ ਡੌੜ ਤੇ ਉਹਨਾਂ ਦੇ ਸਾਥੀਆਂ ਵਲੋਂ ਐਡਮਿੰਟਨ ਵਿਚ ਇਕ ਸਨਮਾਨ ਸਮਾਰੋਹ ਦਾ ਆਯੋਜਿਨ ਕੀਤਾ ਗਿਆ। ਇਸ ਮੌਕੇ ਸ ਮਾਨ ਨੇ ਉਹਨਾਂ ਦੇ ਮਾਣ ਵਿਚ ਕੀਤੇ ਗਏ ਸਨਮਾਨ ਸਮਾਰੋਹ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਇਸ ਨਵੀ ਨਿਯੁਕਤੀ ਤਹਿਤ ਲੋਕਾਂ, ਯੂ ਸੀ ਪੀ ਪਾਰਟੀ ਅਤੇ ਸਰਕਾਰ ਵਿਚਾਲੇ ਇਕ ਚੰਗੇ ਤੇ ਉਸਾਰੂ ਤਾਲਮੇਲ ਦੀ ਭੂਮਿਕਾ ਨਿਭਾਉਣ ਦਾ ਯਤਨ ਕਰਨਗੇ। ਉਹਨਾਂ ਆਪਣੀ ਇਸ ਨਿਯੁਕਤੀ ਲਈ ਯੂ ਸੀਪੀ ਆਗੂ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਵੈਨਕੂਵਰ ਵਿਚਾਰ ਮੰਚ ਵੱਲੋਂ ਡਾ: ਕਮਲਜੀਤ ਸਿੰਘ ਟਿੱਬਾ ਨਾਲ ਰੂਬਰੂ

## ਪੁਸਤਕ 'ਸਿੱਖ ਇਨਕਲਾਬ ਦਾ ਫਲਸਫਾ ਜਪੁਜੀ' ਉਪਰ ਹੀ ਵਿਸ਼ੇਸ਼ ਸੰਵਾਦ



ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ 'ਜਪੁਜੀ ਸਾਹਿਬ' ਦੀ ਸਾਰਥਿਕਤਾ ਨੂੰ ਅਜੋਕੇ ਪ੍ਰਸੰਗ ਵਿੱਚ ਪੇਸ਼ ਕਰਨ ਵਾਲੇ ਡਾ. ਕਮਲਜੀਤ ਸਿੰਘ ਟਿੱਬਾ ਨਾਲ ਰੂਬਰੂ ਕਰਵਾਇਆ ਗਿਆ। ਸਰੀ ਵਿਖੇ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਾਂਝੇ ਵਿਹੜੇ ਵਿਚ ਕਰਵਾਏ ਇਸ ਪ੍ਰੋਗਰਾਮ ਵਿਚ ਡਾ. ਕਮਲਜੀਤ ਸਿੰਘ ਟਿੱਬਾ ਨੇ ਆਪਣੀ ਪੁਸਤਕ 'ਸਿੱਖ ਇਨਕਲਾਬ ਦਾ ਫਲਸਫਾ ਜਪੁਜੀ' ਉਪਰ ਹੀ ਵਿਸ਼ੇਸ਼ ਗੱਲਬਾਤ ਕੀਤੀ। ਪ੍ਰੋਗਰਾਮ ਦੇ ਆਗਾਜ਼ ਵਿਚ ਮੰਚ ਦੇ ਬੁਲਾਰੇ ਜਰਨੈਲ ਸਿੰਘ ਆਰਟਿਸਟ ਨੇ ਮੰਚ ਦੀ ਸਥਾਪਨਾ ਅਤੇ ਇਸ ਦੇ ਕਾਰਜ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਅਤੇ ਸਭ ਨੂੰ ਜੀ ਆਇਆਂ ਕਿਹਾ। ਮੰਚ ਸੰਚਾਲਕ ਮੋਹਨ ਗਿੱਲ ਨੇ ਇਸ ਵਿਚਾਰ ਚਰਚਾ ਵਿਚ ਸ਼ਾਮਲ ਸ਼ਖ਼ਸੀਅਤਾਂ ਨਾਲ ਸੰਖੇਪ ਜਾਣ ਪਛਾਣ ਕਰਵਾਈ ਅਤੇ ਡਾ. ਕਮਲਜੀਤ ਸਿੰਘ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸਭਨਾਂ ਦੇ ਰੂਬਰੂ ਕੀਤਾ। ਡਾ. ਕਮਲਜੀਤ ਸਿੰਘ ਟਿੱਬਾ ਨੇ ਆਪਣੀ ਪੁਸਤਕ 'ਸਿੱਖ ਇਨਕਲਾਬ ਦਾ ਫਲਸਫਾ ਜਪੁਜੀ' ਤੋਂ ਹੀ ਗੱਲ ਸ਼ੁਰੂ ਕਰਦਿਆਂ ਕਿਹਾ ਕਿ ਜਪੁਜੀ ਸਾਹਿਬ ਦੀ ਜਿੰਨੀ ਕੁ ਵਿਆਖਿਆ ਹੁਣ ਤੱਕ ਕੀਤੀ ਗਈ ਹੈ, ਉਹ ਸਭ ਅੱਧੀ ਤੇ ਅਧੂਰੀ ਹੈ ਭਾਵੇਂ ਉਹ ਉੱਘੇ ਵਿਦਵਾਨ ਡਾ. ਸਾਹਿਬ ਸਿੰਘ ਨੇ ਕੀਤੀ ਹੈ ਜਾਂ ਕਿਸੇ ਹੋਰ ਵਿਦਵਾਨ ਨੇ। ਇਨ੍ਹਾਂ ਵਿਦਵਾਨਾਂ ਨੇ ਜਪੁਜੀ ਸਾਹਿਬ ਦੀ ਵਿਆਖਿਆ ਰਾਹੀਂ ਜੋ ਕੁਝ ਸਮਝਾਇਆ ਹੈ, ਉਸੇ ਤਰ੍ਹਾਂ ਲੋਕ ਕਰੀ ਜਾ ਰਹੇ ਹਨ। ਉਨ੍ਹਾਂ ਨੇ ਇਸ ਦੀ ਵਿਚਾਰਧਾਰਾ ਨੂੰ ਪ੍ਰਚਾਰਨ ਦੀ ਬਜਾਏ ਇਸ ਨੂੰ ਸਿਰਫ਼ ਸ਼ਬਦ ਸੁਣਨ ਤੱਕ ਹੀ ਸੀਮਤ ਰੱਖਿਆ। ਇਸ ਪੁਸਤਕ ਦੇ ਰਚਣ ਦਾ ਕਾਰਨ ਵੀ ਇਹ ਹੀ ਹੈ ਕਿ ਉਹ ਚਾਹੁੰਦੇ ਸਨ ਕਿ ਇਸ ਦੀ ਸਹੀ ਵਿਆਖਿਆ ਕੀਤੀ ਜਾਵੇ। ਡਾ. ਕਮਲਦੀਪ ਸਿੰਘ ਟਿੱਬਾ ਨੇ ਕਿਹਾ ਕਿ ਜਿਸ ਤਰ੍ਹਾਂ ਅਸੀਂ ਗੁਰੂ ਨਾਨਕ ਦਾ ਜੀਵਨ ਦੇਖਦੇ ਹਾਂ ਕਿ ਉਹ ਆਪਣੀ ਯਾਤਰਾ ਦੌਰਾਨ ਜਿੱਥੇ ਵੀ ਗਏ, ਉਥੋਂ ਦੇ ਲੋਕਾਂ ਨਾਲ ਗੱਲਬਾਤ ਕੀਤੀ, ਸੰਵਾਦ ਰਚਾਇਆ ਅਤੇ ਇਸ ਸੰਵਾਦ ਤੋਂ ਹੀ ਨਵਾਂ ਫ਼ਲਸਫ਼ਾ ਰਚਿਆ। ਇਸੇ ਤੁਕ ਤੋਂ ਹੈ ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ। ਇਸ ਤੁਕ ਵਿਚਲੇ ਹੁਕਮ ਸ਼ਬਦ ਵਿਚ ਏਨਾ ਧੁੰਦਲਕਾ ਹੈ ਕਿ ਇਸ ਹੁਕਮ ਦੀ ਵਿਆਖਿਆ ਕਰਨ ਵਾਲੇ ਵਿਦਵਾਨ ਤਾਂ ਸੱਚਮੁੱਚ ਹੀ ਇਸ ਦੇ ਅਸਲੀ ਅਰਥਾਂ ਤੋਂ ਆਸੇ ਪਾਸੇ ਲੈ ਗਏ ਹਨ। ਜਦੋਂ ਕਿ 'ਹੁਕਮ ਰਜਾਈ ਚੱਲਣ' ਦਾ ਮਤਲਬ ਇਸ ਤੋਂ ਉੱਪਰਲੀ ਲਾਈਨ 'ਕਿਵ ਸਚਿਆਰਾ ਹੋਈਐ' ਨਾਲ ਹੈ। ਇਸ ਸ਼ਬਦ ਰਾਹੀਂ ਗੁਰੂ ਨਾਨਕ ਨੇ ਮਨੁੱਖ ਨੂੰ ਸਚਿਆਰੇ ਬਣਨ ਅਤੇ ਕੂੜ ਦੀਆਂ ਪਾਲਾਂ ਤੋੜਣ ਦਾ ਸੰਦੇਸ਼ ਦਿੱਤਾ ਹੈ। ਡਾ.



ਟਿੱਬਾ ਨੇ 'ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ' ਨੂੰ ਸਾਰੀ ਗੁਰਬਾਣੀ ਦਾ ਨਿਚੋੜ ਦਸਦਿਆਂ ਕਿਹਾ ਕਿ ਇੱਥੇ ਭੁਲੇਖਾ ਖੜ੍ਹਾ ਕੀਤਾ ਜਾ ਰਿਹਾ ਹੈ। ਸਾਡੇ ਪ੍ਰਚਾਰਕ ਵਿੱਚੋਂ 99 ਪ੍ਰਤੀਸ਼ਤ ਸਿਰਫ਼ ਇੱਕ ਗੱਲ ਤੇ ਹੀ ਜ਼ੋਰ ਦੇ ਰਹੇ ਹਨ ਕਿ ਨਾਮ ਜਪੋ, ਨਾ ਉਹ ਕਿਰਤ ਵੱਲ ਧਿਆਨ ਦਿੰਦੇ ਹਨ ਤੇ ਨਾ ਵੰਡ ਛਕਣ ਦੀ ਗੱਲ ਕਰਦੇ ਹਨ। ਜਦੋਂਕਿ ਕਿਰਤ ਕਰਨੀ, ਵੰਡ ਛਕਣਾ ਅਤੇ ਨਾਮ ਜਪਣਾ ਇਨ੍ਹਾਂ ਤਿੰਨਾਂ ਦਾ ਸੰਤੁਲਨ ਹੋਣਾ ਚਾਹੀਦਾ ਹੈ। ਸੰਤੁਲਨ ਨਾ ਹੋਣ ਕਰ ਕੇ ਹੀ ਦੁੱਖ ਤਕਲੀਫ਼ਾਂ ਖੜ੍ਹੀਆਂ ਹੋ ਰਹੀਆਂ ਹਨ। ਡਾ. ਜਗਜੀਤ ਸਿੰਘ ਗਿੱਲ ਨੇ ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅਸਲ ਵਿੱਚ ਬਚਪਨ ਵਿੱਚ ਹੀ ਸਾਨੂੰ ਮਾਂ ਪਿਓ ਵੱਲੋਂ ਘਰਾਂ ਵਿੱਚ ਭਾਈ ਬਾਲੇ ਦੀਆਂ ਸਾਖੀਆਂ ਸੁਣਾਈਆਂ ਜਾਂਦੀਆਂ ਹਨ। ਉੱਥੇ ਹੀ ਸਾਨੂੰ ਝੂਠ ਸਿਖਾ ਦਿੱਤਾ ਜਾਂਦਾ ਹੈ ਜੋ ਸਾਡਾ ਪਰਪੱਕ ਵਿਸ਼ਵਾਸ ਬਣ ਜਾਂਦਾ ਹੈ ਅਤੇ ਉਸ ਨੂੰ ਅਸੀਂ ਕੋਸ਼ਿਸ਼ ਕਰਨ ਤੇ ਵੀ ਆਪਣੇ ਮਨ ਵਿੱਚੋਂ ਵਿਸਾਰ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਸਾਡੇ ਵਿਰਸੇ ਤੋਂ ਬਿਲਕੁਲ ਹੀ ਅਣਜਾਣ ਹੈ। ਡਾ ਗਿੱਲ ਨੇ ਕਿਹਾ ਕਿ ਅਸੀਂ ਕਿਹੜੇ ਸੱਚ ਜਾਂ ਸਚਿਆਰ ਦੀ ਗੱਲ ਕਰਦੇ ਹਾਂ ਜਦੋਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਤਾਂ ਅੱਜ ਗੁਰਦੁਆਰਿਆਂ ਵਿਚ ਕੇਕ ਕੱਟ ਕੇ ਮਨਾਇਆ ਜਾਂਦਾ ਹੈ ਪਰ ਇਸ ਦੇ ਵਿਰੋਧ ਵਿਚ ਬੋਲਣ ਵਾਲਾ ਕੋਈ ਵੀ ਨਹੀਂ ਹੈ। ਭੁਪਿੰਦਰ ਸਿੰਘ ਮੱਲ੍ਹੀ ਨੇ ਕਿਹਾ ਕਿ ਗੁਰਬਾਣੀ ਅਤੇ ਗੁਰੂ ਨਾਨਕ ਦੇ ਫਲਸਫੇ ਤੇ ਵਵਿਚਾਰਧਾਰਾ ਦਾ ਸਹੀ ਅਰਥਾਂ ਵਿਚ ਸਮਾਜ ਵਿਚ ਸੰਚਾਰ ਨਾ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਖੱਬੇਪੱਖੀਆਂ ਅਤੇ ਵਿਦਵਾਨਾਂ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ ਅਤੇ ਧਰਮ ਦੇ ਅਖੌਤੀ ਪ੍ਰਚਾਰਕਾਂ ਨੂੰ ਮੌਕਾ ਮਿਲ ਗਿਲਾ ਕਿ ਉਹ ਆਪਣੇ ਮੁਫ਼ਾਦਾਂ ਹਿਤ ਇਸ ਦਾ ਪ੍ਰਚਾਰ-ਪਾਸਾਰ ਕਰ ਸਕਣ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਸਿੱਖ ਵਿਚਾਰਧਾਰਾ ਨੂੰ ਪਾਸੇ ਛੱਡਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਡਾ. ਕਮਲਜੀਤ ਸਿੰਘ ਟਿੱਬਾ ਨੇ ਜਿਸ ਨਜ਼ਰੀਏ ਤੋਂ ਜਪੁਜੀ ਸਾਹਿਬ ਦੀ ਵਿਆਖਿਆ ਕੀਤੀ ਹੈ ਉਹ ਬਹੁਤ ਵਧੀਆ ਹੈ ਅਤੇ ਸ਼ਲਾਘਾਯੋਗ ਹੈ। ਸਾਨੂੰ ਹੋਰ ਵੀ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਸ਼ਿਵਰਾਜ ਘੁੰਮਣ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵੱਡਾ ਖੋਜੀ ਜਾਂ ਵਿਦਵਾਨ ਨਾ ਤਾਂ ਦੁਨੀਆਂ ਤੇ ਹੋਰ ਕੋਈ ਹੋਇਆ ਹੈ ਤੇ ਨਾ ਹੀ ਸ਼ਾਇਦ ਹੋ ਸਕੇਗਾ। ਹਰਦੇਵ ਸਿੱਧੂ ਨੇ ਡਾ. ਸਾਹਿਬ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ ਅਤੇ ਨਾਲ ਹੀ ਕਿਹਾ ਕਿ ਸਾਨੂੰ ਗੁਰਬਾਣੀ ਦੇ ਇਸ ਨਜ਼ਰੀਏ ਤੋਂ ਕਾਰਜਸ਼ੀਲ ਹੋਣਾ ਚਾਹੀਦਾ ਹੈ ਅਤੇ ਚੰਗੇ ਸਮਾਜ ਦੀ ਸਿਰਜਣਾ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਕਮਲਜੀਤ ਸਿੰਘ ਟਿੱਬਾ ਦੇ ਬਚਪਨ ਦੇ ਗੂੜ੍ਹੇ ਦੋਸਤ ਜਗਦੇਵ ਸਿੰਘ ਸੰਧੂ, ਪ੍ਰਿੰ. ਮੋਨਿਕਾ ਮਲਹੋਤਰਾ, ਡਾ. ਰਵਿੰਦਰ ਰੀਹਲ, ਨਵਰੂਪ ਸਿੰਘ, ਪ੍ਰਸਿੱਧ ਜਰਨਲਿਸਟ ਬਖਸ਼ਿੰਦਰ, ਲੱਕੀ ਸੰਧੂ, ਭੁਪਿੰਦਰ ਸਿੰਘ ਮੱਲ੍ਹੀ, ਪ੍ਰਿੰਸੀਪਲ ਹੈਰੀ ਪੂਨੀਆ, ਤੇਜਵਿੰਦਰ ਬਰਾੜ, ਹਰਮਿੰਦਰ ਰੀਹਲ, ਬਲਰਾਜ ਬਾਸੀ, ਕੁਲਦੀਪ ਬਾਸੀ, ਚਮਕੌਰ ਸਿੰਘ, ਡਾ. ਗੁਰਵਿੰਦਰ ਸਿੰਘ ਧਾਲੀਵਾਲ, ਗੁਰਮੀਤ ਸਿੰਘ ਸਿੱਧੂ, ਹਰਦਮ ਸਿੰਘ ਮਾਨ, ਗੁਰਦੀਪ ਭੁੱਲਰ ਅਤੇ ਕਈ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ। ਵੈਨਕੂਵਰ ਵਿਚਾਰ ਮੰਚ ਦੀ ਇਹ ਇੱਕ ਹਫ਼ਤੇ ਦੌਰਾਨ ਦੂਜੀ ਭਰਵੀਂ ਅਤੇ ਗੰਭੀਰ ਵਿਚਾਰ ਚਰਚਾ ਰਹੀ ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ, ਸਿੱਖ ਵਿਚਾਰਧਾਰਾ ਅਤੇ ਹੋਰ ਕਈ ਸਮਾਜਿਕ ਮਸਲਿਆਂ ਨੂੰ ਸੰਜੀਦਗੀ ਨਾਲ ਵਿਚਾਰਿਆ ਗਿਆ।


BADH ACCOUNTING SERVICES
32 YEARS EXPERIENCE IN ACCOUNTING
Specializing in:

ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ

* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping



Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™
With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.



REAL ESTATE BUY & SELL — KULWANT ATWAL 604-716-2135
MORTGAGES 1st, 2nd or Private — BHAJAN ATWAL 604-773-8426
BUILD WITH WARRANTY — BUILD, SUPPORT & ADVICE TEAM WORK 604-773-8426 604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਭਾਰਤੀ ਕੌਂਸਲੇਟ ਜਨਰਲ ਵੈਨਕੂਵਰ ਦੇ ਸਟਾਫ ਵਲੋਂ ਐਬਟਸਫੋਰਡ ਵਿਖੇ ਵਿਸ਼ੇਸ਼ ਕੈਂਪ

## ਕੈਂਪ ਦੌਰਾਨ 550 ਲਾਈਫ ਸਰਟੀਫਿਕੇਟ ਅਟੈਸਟ ਕੀਤੇ



ਐਬਟਸਫੋਰਡ-ਬੀਤੇ ਦਿਨ ਵੈਨਕੂਵਰ ਸਥਿਤ ਭਾਰਤੀ ਕੌਂਸਲੇਟ ਜਨਰਲ ਵਲੋਂ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੇ ਹੈਰੀਟੇਜ ਗੁਰਦੁਆਰਾ ਸਾਹਿਬ ਵਿਖੇ ਪੈਨਸ਼ਨਰਾਂ ਦੇ ਲਾਈਵ ਸਰਟੀਫਿਕੇਟ ਅਟੈਸਟ ਕਰਨ ਵਾਸਤੇ ਵਿਸ਼ੇਸ਼ ਕੈਂਪ ਦਾ ਆਯੋਜਿਨ ਕੀਤਾ ਗਿਆ। ਇਸ ਦੌਰਾਨ ਕੌਂਸਲ ਜਨਰਲ ਸ੍ਰੀ ਮਨੀਸ਼ ਦੀਆਂ ਹਦਾਇਤਾਂ ਤਹਿਤ ਪੁੱਜੇ ਕੌਂਸਲੇਟ ਦੇ ਸਟਾਫ ਮੈਂਬਰਾਂ ਵਿਚ ਸ੍ਰੀ ਰਾਹੁਲ ਬਰੂਆ, ਸੰਜੇ ਮਲਹੋਤਰਾ, ਸੁਖਬੀਰ ਸਿੰਘ ਅਤੇ ਸੁਰੇਸ਼ ਕਾਮਾਰ ਵਲੋਂ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਲਾਈਫ ਸਰਟੀਫਿਕੇਟ ਨਾਲ ਸਬੰਧਿਤ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਇਸ ਦੌਰਾਨ ਲਗਪਗ 550 ਲਾਈਫ ਸਰਟੀਫਿਕੇਟ ਜਾਰੀ ਕੀਤੇ ਗਏ। ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਜਤਿੰਦਰ ਸਿੰਘ ਹੈਪੀ ਗਿੱਲ, ਉਪ ਪ੍ਰਧਾਨ ਭਜਨ ਸਿੰਘ ਤੂਰ,ਖਜ਼ਾਨਚੀ ਸੁਰਿੰਦਰਪਾਲ ਗਰੇਵਾਲ, ਸੈਕਟਰੀ ਅਜੀਤਪਾਲ ਸਿੰਘ ਗਰੇਵਾਲ, ਡਾਇਰੈਕਟਰ ਹਰਪ੍ਰੀਤ ਸਿੰਘ ਕੰਗ, ਰਿਕਾਰਡਿੰਗ ਸੈਕਟਰੀ ਜਗਤਾਰ ਸਿੰਘ ਧਾਲੀਵਾਲ ਤੇ ਮੈਂਬਰਾਂ ਵਿਚ ਰਣਜੀਤ ਸੰਧੂ, ਹਰਜੋਧ ਸੰਧੂ, ਗੁਰਪ੍ਰੀਤ ਬਰਾੜ ਤੇ ਜੱਸਾ ਬਰਾੜ ਹਾਜ਼ਰ ਸਨ। ਇਸ ਮੌਕੇ ਪ੍ਰਧਾਨ ਜਤਿੰਦਰ ਸਿੰਘ ਹੈਪੀ ਗਿੱਲ ਨੇ ਕੌਂਸਲੇਟ ਜਨਰਲ ਵਲੋਂ ਐਨ ਆਰ ਆਈ ਪੈਨਸ਼ਨਰਾਂ ਨੂੰ ਵਿਸ਼ੇਸ਼ ਕੈਂਪ ਲਗਾਕੇ ਸੇਵਾਵਾਂ ਪ੍ਰਦਾਨ ਕੀਤੇ ਜਾਣ ਲਈ ਧੰਨਵਾਦ ਕੀਤਾ।

# ਕੈਨੇਡਾ-ਇੰਡੀਆ ਵਿਚਾਲੇ ਹਵਾਈ ਆਵਾਜਾਈ ਦੇ ਵਿਸਥਾਰ ਲਈ ਸਮਝੌਤਾ

ਓਟਵਾ-ਬੀਤੇ ਦਿਨ ਕੈਨੇਡਾ ਦੇ ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਨੇ ਕੈਨੇਡਾ ਅਤੇ ਇੰਡੀਆ ਵਿਚਾਲੇ ਵਿਸਤ੍ਰਿਤ ਹਵਾਈ ਆਵਾਜਾਈ ਸਮਝੌਤੇ ਦਾ ਐਲਾਨ ਕੀਤਾ। ਵਿਸਤ੍ਰਿਤ ਸਮਝੌਤੇ ਤਹਿਤ ਏਅਰਲਾਈਨਾਂ ਨੂੰ ਦੋਵਾਂ ਦੇਸ਼ਾਂ ਵਿਚਕਾਰ ਅਸੀਮਤ ਗਿਣਤੀ ਵਿੱਚ ਉਡਾਣਾਂ ਚਲਾਉਣ ਦੀ ਆਗਿਆ ਹੋਵੇਗੀ। ਪਿਛਲੇ ਸਮਝੌਤੇ ਵਿਚ ਹਰੇਕ ਦੇਸ਼ ਨੂੰ ਪ੍ਰਤੀ ਹਫ਼ਤੇ 35 ਉਡਾਣਾਂ ਤੱਕ ਸੀਮਤ ਕੀਤਾ ਸੀ। ਇਹ ਮਹੱਤਵਪੂਰਨ ਕਦਮ ਕੈਨੇਡਾ ਅਤੇ ਭਾਰਤ ਦੀਆਂ ਏਅਰਲਾਈਨਾਂ ਨੂੰ ਕੈਨੇਡਾ-ਭਾਰਤ ਹਵਾਈ ਆਵਾਜਾਈ ਬਾਜ਼ਾਰ ਦੀਆਂ ਲੋੜਾਂ ਦੀ ਬੇਹਤਰ ਢੰਗ ਨਾਲ ਪੂਰਤੀ ਕਰ ਸਕੇਗਾ। ਵਿਸਤ੍ਰਿਤ ਸਮਝੌਤੇ ਦੇ ਤਹਿਤ ਨਵੇਂ ਅਧਿਕਾਰ ਏਅਰਲਾਈਨਾਂ ਦੁਆਰਾ ਤੁਰੰਤ ਵਰਤੋਂ ਲਈ ਉਪਲਬਧ ਹਨ। ਵਿਸ਼ੇਸ਼ ਤੱਥ- ਇੰਡੀਆ, ਕੈਨੇਡਾ ਦਾ ਚੌਥਾ ਸਭ ਤੋਂ ਵੱਡਾ ਅੰਤਰਰਾਸ਼ਟਰੀ ਹਵਾਈ ਆਵਾਜਾਈ ਬਾਜ਼ਾਰ ਹੈ। ਭਾਰਤ ਦੇ ਨਾਲ ਕੈਨੇਡਾ ਦਾ ਪਹਿਲਾ ਹਵਾਈ ਆਵਾਜਾਈ ਸਮਝੌਤਾ 1982 ਵਿੱਚ ਹੋਇਆ ਸੀ, ਅਤੇ ਆਖਰੀ ਵਾਰ 2011 ਵਿੱਚ ਵਿਸਤਾਰ ਕੀਤਾ ਗਿਆ ਸੀ। ਇਹ ਨਵਾਂ ਸਮਝੌਤਾ ਕੈਨੇਡਾ ਦੀ ਬਲੂ ਸਕਾਈ ਨੀਤੀ ਹੈ, ਜੋ ਲੰਬੇ ਸਮੇਂ ਦੇ, ਟਿਕਾਊ ਮੁਕਾਬਲੇ ਅਤੇ ਅੰਤਰਰਾਸ਼ਟਰੀ ਹਵਾਈ ਸੇਵਾਵਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ। ਸਮਝੌਤਾ ਕੈਨੇਡੀਅਨ ਏਅਰ ਕੈਰੀਅਰਜ਼ ਨੂੰ ਬੈਂਗਲੁਰੂ, ਚੇਨਈ, ਦਿੱਲੀ, ਹੈਦਰਾਬਾਦ, ਕੋਲਕਾਤਾ ਅਤੇ ਮੁੰਬਈ ਤੱਕ ਪਹੁੰਚ ਦਿੰਦਾ ਹੈ, ਅਤੇ ਭਾਰਤੀ ਏਅਰ ਕੈਰੀਅਰਜ਼ ਨੂੰ ਟੋਰਾਂਟੋ, ਮਾਂਟਰੀਅਲ, ਐਡਮੰਟਨ, ਵੈਨਕੂਵਰ ਤੱਕ ਪਹੁੰਚ ਦਿੰਦਾ ਹੈ।




ਅਸੀਂ ਤੁਹਾਡੇ ਵਿਚਾਰ ਜਾਣਨਾ ਚਾਹੁੰਦੇ ਹਾਂ




ਮਈ 2021 ਵਿਚ, ਡੈਲਟਾ ਪੁਲੀਸ ਡਿਪਾਰਟਮੈਂਟ (ਡੀ ਪੀ ਡੀ) ਨੇ ਸਾਡੇ ਕੁਝ ਅਫਸਰਾਂ ਦੇ ਸਰੀਰ ਉੱਪਰ ਕੈਮਰੇ ਲਗਾਉਣ ਦਾ ਇਕ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਸੀ। ਪਿਛਲੇ ਦੋ ਸਾਲਾਂ ਦੌਰਾਨ, ਪਾਇਲਟ ਪ੍ਰੋਗਰਾਮ, ਸਾਡੇ ਟਰੈਫਿਕ ਸੈਕਸ਼ਨ ਨੂੰ ਸ਼ਾਮਲ ਕਰਨ ਲਈ ਪੱਕੇ ਤੌਰ `ਤੇ ਲਾਗੂ ਕੀਤਾ ਗਿਆ ਹੈ। ਸਾਡੇ ਕੋਲ ਇਸ ਵੇਲੇ ਸਰੀਰ ਉੱਪਰ ਵਰਤੋਂ ਲਈ 16 ਕੈਮਰੇ ਹਨ। ਡੀ ਪੀ ਡੀ ਸਰੀਰ ਉੱਪਰ ਕੈਮਰੇ ਲਗਾਉਣ ਦੇ ਪ੍ਰੋਗਰਾਮ ਨੂੰ ਡਿਪਾਰਟਮੈਂਟ ਦੇ ਹੋਰ ਸੈਕਸ਼ਨਾਂ ਤੱਕ ਵਧਾਉਣ ਬਾਰੇ ਵਿਚਾਰ ਕਰ ਰਿਹਾ ਹੈ।

ਸਰੀਰ ਉੱਪਰ ਕੈਮਰਾ ਲਗਾਉਣ ਦੇ ਫਾਇਦਿਆਂ ਵਿਚ ਇਹ ਸ਼ਾਮਲ ਹਨ, ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ:

- ਲੋਕਾਂ ਦੇ ਭਰੋਸੇ ਅਤੇ ਯਕੀਨ ਵਿਚ ਵਾਧਾ;
- ਪੁਲੀਸ ਦੀ ਜ਼ਿਆਦਾ ਜਵਾਬਦੇਹੀ ਅਤੇ ਪਾਰਦਰਸ਼ਤਾ;
- ਪੁਲੀਸ ਵਲੋਂ ਅਤੇ ਪੁਲੀਸ ਵਿਰੁੱਧ ਜ਼ਬਰਦਸਤੀ ਦੀ ਵਰਤੋਂ ਵਿਚ ਕਮੀ;
- ਸਬੂਤਾਂ ਦੇ ਰਿਕਾਰਡ ਵਿਚ ਸੁਧਾਰ;
- ਪੁਲੀਸ ਦੇ ਕਥਿਤ ਦੁਰਵਿਹਾਰ ਬਾਰੇ ਸ਼ਿਕਾਇਤਾਂ ਦੇ ਹੱਲ ਵਿਚ ਵਾਧਾ।

ਇਸ ਵਾਧੇ ਦੇ ਸੰਬੰਧ ਵਿਚ ਭਾਈਚਾਰੇ ਤੋਂ ਮਿਲਣ ਵਾਲੇ ਵਿਚਾਰ ਇਸ ਪ੍ਰੋਗਰਾਮ ਲਈ ਜ਼ਰੂਰੀ ਹਨ, ਅਤੇ ਅਸੀਂ ਤੁਹਾਡੇ ਤੋਂ ਸੁਣਨਾ ਚਾਹਾਂਗੇ।

ਸਰੀਰ ਉੱਪਰ ਕੈਮਰੇ ਲਗਾਉਣ ਦੇ ਪ੍ਰੋਗਰਾਮ ਅਤੇ ਹਿਸਟਰੀ ਬਾਰੇ deltapolice.ca/bwc `ਤੇ ਜ਼ਿਆਦਾ ਜਾਣੋ ਜਾਂ ਆਪਣੇ ਵਿਚਾਰ bwc@deltapolice.ca `ਤੇ ਈਮੇਲ ਕਰੋ।

Delta POLICE



ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ ‘ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਘਰ ਵਿਚ ਦਾਖਲ ਹੋ ਕੇ ਔਰਤ ਨੂੰ ਕਤਲ ਕਰਨ ਵਾਲੇ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ

ਵੈਨਕੂਵਰ-ਨਨੈਮੋ ਦੇ ਵਿਅਕਤੀ ਜਿਸ ਨੇ ਤਿੰਨ ਸਾਲ ਪਹਿਲਾਂ ਬਰੇਂਟਵੁੱਡ ਬੇਅ ਵਿਚ ਇਕ ਘਰ ਵਿਚ ਦਾਖਲ ਹੋ ਕੇ ਇਕ 20 ਸਾਲਾ ਔਰਤ ਐਮਿਲੀ ਕਾਰੂਆਨਾ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਸ ਨੂੰ 18 ਸਾਲ ਤਕ ਪੈਰੋਲ ਮਿਲਣ ਦੀ ਸੰਭਾਵਨਾ ਨਹੀਂ। ਜੁਲਾਈ ਵਿਚ 50 ਸਾਲਾ ਐਲਨ ਚਾਰਲਸ ਚੈਪਮੈਨ ਨੇ ਕਾਰੂਆਨ ਦੇ ਸੈਕਿੰਡ ਡਿਗਰੀ ਕਤਲ ਅਤੇ ਉਸ ਦੇ ਰਿਸ਼ਤੇਦਾਰ ਜੇਨ ਕਾਰੂਆਨਾ ਤੇ ਲੜਕੀ ਦੇ ਦੋਸਤ ਜਸਟਿਨ ਬੂਥ 'ਤੇ ਭਿਆਨਕ ਹਮਲੇ ਕਰਨ ਦਾ ਦੋਸ਼ ਸਵੀਕਾਰ ਕਰ ਲਿਆ ਸੀ। ਸੋਮਵਾਰ ਸਜ਼ਾ ਸੁਣਾਉਣ ਸਮੇਂ ਅਦਾਲਤ ਨੂੰ ਦੱਸਿਆ ਕਿ 11 ਮਈ 2019 ਵਾਲੇ ਦਿਨ ਜਦੋਂ ਚੈਪਮੈਨ ਐਮਿਲੀ ਦੀ ਦਾਦੀ ਡੋਰਿਸ ਕਾਰੂਆਨਾ ਦੇ ਘਰ ਵਿਚ ਦਾਖਲ ਹੋਇਆ ਤਾਂ ਉਸ ਨੇ ਖੂਬ ਨਸ਼ਾ ਕੀਤਾ ਹੋਇਆ ਸੀ। ਉਸ ਦਾ ਕਿਸੇ ਹੋਰ ਨੂੰ ਮਾਰਨ ਦਾ ਇਰਾਦਾ ਸੀ ਪਰ ਗਲਤੀ ਨਾਲ ਐਮਿਲੀ ਨੂੰ ਮਾਰ ਦਿੱਤਾ। ਕਤਲ ਤੋਂ ਚਾਰ ਘੰਟੇ ਪਿੱਛੋਂ ਚੈਪਮੈਨ ਨੂੰ ਵਿਸ਼ਵਾਸ਼ ਹੋ ਗਿਆ ਸੀ ਕਿ ਜਿਸ ਨੂੰ ਉਹ ਮਾਰਨਾ ਚਾਹੁੰਦਾ ਸੀ ਉਸ ਦਾ ਕਤਲ ਕਰ ਦਿੱਤਾ ਹੈ।

OASIS WINDOWS clearly better windows
OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
ENERGY STAR
BBB
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES


"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

# ਰੂਸ ਨੂੰ ਅਲੱਗ ਥਲੱਗ ਕਰਨ ਦੇ ਉਦੇਸ਼ ਨਾਲ ਟਰੂਡੋ ਪਹੁੰਚੇ ਇੰਡੋਨੇਸ਼ੀਆ

ਜਕਾਰਤਾ-ਰੂਸ ਨੂੰ ਹੋਰ ਅਲੱਗ ਥਲੱਗ ਕਰਨ ਦੇ ਉਦੇਸ਼ ਨਾਲ ਜੀ-20 ਦੇਸ਼ਾਂ ਦੇ ਨੇਤਾਵਾਂ ਦੀ ਬਾਲੀ ਵਿਚ ਹੋਈ ਮੀਟਿੰਗ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸ਼ਾਮਿਲ ਹੋਏ। ਵਿਸ਼ਵ ਦੀਆਂ ਸਭ ਤੋਂ ਵੱਡੀਆਂ 20 ਅਰਥਵਿਵਸਥਾਵਾਂ ਵਿਸ਼ਵ ਆਰਥਿਕ ਪ੍ਰਣਾਲੀਆਂ ਨੂੰ ਸਮੂਹਿਕ ਤੌਰ 'ਤੇ ਖ਼ਤਰਿਆਂ ਨੂੰ ਘੱਟ ਕਰਨ ਅਤੇ ਪੌਣਪਾਣੀ ਤਬਦੀਲੀ ਤੋਂ ਪ੍ਰਮਾਣੂ ਸੁਰੱਖਿਆ ਤਕ ਦੇ ਮੁੱਦਿਆਂ 'ਤੇ ਪ੍ਰਗਤੀ ਲੱਭਣ ਦੀ ਕੋਸ਼ਿਸ਼ ਵਿਚ ਹਰੇਕ ਸਾਲ ਇਕੱਤਰ ਹੁੰਦੀਆਂ ਹਨ। ਸਿਖਰ ਸੰਮੇਲਨ ਦੇ ਮੇਜ਼ਬਾਨ ਵਜੋਂ ਇੰਡੋਨੇਸ਼ੀਆ ਨੇ ਨੇਤਾਵਾਂ ਨੂੰ ਸਿਹਤ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਤੇ ਭੋਜਨ ਤੇ ਊਰਜਾ ਸੁਰੱਖਿਆ ਵੱਲ ਧਿਆਨ ਦੇਣ ਲਈ ਕਿਹਾ ਹੈ। ਇਸ ਤੋਂ ਪਹਿਲਾਂ ਯੂਕਰੇਨ ਵਿਚ ਚਲ ਰਹੀ ਜੰਗ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਟਰੂਡੋ ਨੇ ਕਿਹਾ ਕਿ ਉਨ੍ਹਾਂ ਦਾ ਧਿਆਨ ਇਸ ਗੱਲ ਨੂੰ ਯਕੀਨੀ ਬਣਾਉਣ ਵੱਲ ਹੈ ਕਿ ਦੁਨੀਆਂ ਇਸ ਗੱਲ 'ਤੇ ਮਜ਼ਬੂਤੀ ਨਾਲ ਇਕਜੁੱਟ ਹੋਵੇ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਜਦੋਂ ਸ਼ਾਂਤਮਾਈ ਗੁਆਂਢੀ ਦੇਸ਼ 'ਤੇ ਹਮਲਾ ਕੀਤਾ ਤਾਂ ਉਸ ਨੇ ਇਕ ਭਿਆਨਕ ਚੋਣ ਕੀਤੀ ਸੀ। ਉਨ੍ਹਾਂ ਇਹ ਟਿੱਪਣੀਆਂ ਕੰਬੋਡੀਆ ਵਿਚ ਐਸੋਸੀਏਸ਼ਨ ਆਫ ਸਾਊਥਈਸਟ ਏਸ਼ੀਅਨ ਨੇਸ਼ਨਜ਼ ਦੇ ਸੰਮੇਲਨ ਦੀ ਸਮਾਪਤੀ ਸਮੇਂ ਕੀਤੀਆਂ ਸਨ। ਨਾਮਪੇਨ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਟਰੂਡੋ ਨੇ ਕਿਹਾ ਕਿੱ ਜਿਨ੍ਹਾਂ ਚੁਣੌਤੀਆਂ ਦਾ ਵਿਸ਼ਵ ਸਾਹਮਣਾ ਕਰ ਰਿਹਾ ਹੈ ਚਾਹੇ ਉਹ ਵਿਸ਼ਵ ਪ੍ਰਵਾਸ ਸੰਕਟ ਹੋਵੇ, ਵਿਸ਼ਵਵਿਆਪੀ ਭੋਜਨ ਸੰਕਟ ਜਾਂ ਵਿਸ਼ਵ ਊਰਜਾ ਸੰਕਟ ਹੋਵੇ ਉਸ ਲਈ ਰੂਸ ਸਿੱਧੇ ਤੌਰ 'ਤੇ ਜ਼ਿਆਦਾ ਜ਼ਿੰਮੇਵਾਰ ਹੈ।

## ਸੰਯੁਕਤ ਕਿਸਾਨ ਮੋਰਚੇ ਵਲੋਂ ਦੇਸ਼ ਭਰ ਦੇ ਰਾਜ ਭਵਨਾਂ ਵੱਲ 26 ਨਵੰਬਰ ਨੂੰ ਮਾਰਚ ਦਾ ਐਲਾਨ

ਸਫ਼ਾ 1 ਦੀ ਬਾਕੀ

ਕੇਂਦਰ ਸਰਕਾਰ 'ਤੇ ਕਿਸਾਨਾਂ ਨਾਲ ਵਾਅਦਾਖ਼ਿਲਾਫ਼ੀ ਕਰਨ ਦਾ ਦੋਸ਼ ਲਾਉਂਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਨਾ ਤਾਂ ਕੇਂਦਰ ਵੱਲੋਂ ਹੁਣ ਤੱਕ ਘੱਟੋ-ਘੱਟ ਸਮਰਥਨ ਮੁੱਲ ਬਾਰੇ ਕਮੇਟੀ ਬਣਾਈ ਗਈ ਹੈ ਤੇ ਨਾ ਹੀ ਅੰਦੋਲਨ ਦੌਰਾਨ ਕਿਸਾਨਾਂ ਖ਼ਿਲਾਫ਼ ਦਰਜ ਕੀਤੇ ਗਏ ਕੇਸ ਵਾਪਸ ਲਏ ਗਏ ਹਨ। ਇਸ ਮੌਕੇ ਕਿਸਾਨ ਆਗੂ ਯੁੱਧਵੀਰ ਸਿੰਘ, ਅਵਿਕ ਸਾਹਾ ਤੇ ਅਸ਼ੋਕ ਧਾਵਲੇ ਸਮੇਤ ਹੋਰ ਕਿਸਾਨ ਆਗੂ ਵੀ ਹਾਜ਼ਰ ਸਨ।

## ਪ੍ਰੋ: ਐਚ. ਦੀਪ ਸੈਣੀ ਮੈਕਗਿਲ ਯੂਨੀਵਰਸਿਟੀ ਦੇ 18ਵੇਂ ਪ੍ਰਿੰਸੀਪਲ ਤੇ ਵਾਈਸ ਚਾਂਸਲਰ ਨਿਯੁਕਤ

ਸਫ਼ਾ 1 ਦੀ ਬਾਕੀ

ਗੱਲ ਹੈ ਕਿ ਪੰਜਾਬ ਵਿਚ ਪੈਦਾ ਹੋਏ ਪ੍ਰੋ: ਸੈਣੀ ਲੁਧਿਆਣਾ ਦੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਤੋਂ ਬੌਟਨੀ ਵਿੱਚ ਆਪਣੀ ਮਾਸਟਰ ਆਫ਼ ਸਾਇੰਸ (ਆਨਰਜ਼) ਦੀ ਉਚ ਵਿਦਿਆ ਪ੍ਰਾਪਤ ਹਨ। ਪੰਜਾਬ ਵਿਚ ਯੂਨੀਵਰਸਿਟੀ ਦੀ ਪੜਾਈ ਉਪਰੰਤ ਉਹ ਐਡੀਲੇਡ ਯੂਨੀਵਰਸਿਟੀ ਤੋਂ ਪਲਾਂਟ ਫਿਜ਼ੀਓਲੋਜੀ ਵਿੱਚ ਪੀਐਚਡੀ ਕਰਨ ਚਲੇ ਗਏ। ਜਿਥੇ ਪੀ ਐਚ ਡੀ ਕਰਨ ਉਪਰੰਤ ਉਹ ਕਈ ਵੱਕਾਰੀ ਯੂਨੀਵਰਸਿਟੀਆਂ ਵਿਚ ਰਹੇ। ਉਹਨਾਂ ਆਸਟ੍ਰੇਲੀਆ ਵਿੱਚ ਕੈਨਬਰਾ ਯੂਨੀਵਰਸਿਟੀ ਦੇ ਪ੍ਰਧਾਨ ਅਤੇ ਵਾਈਸ-ਚਾਂਸਲਰ ਵਜੋਂ ਵੀ ਕੰਮ ਕੀਤਾ। ਇਸ ਸਮੇਂ ਉਹ ਡਲਹੌਜ਼ੀ ਯੂਨੀਵਰਸਿਟੀ ਦੇ ਪ੍ਰਧਾਨ ਅਤੇ ਵਾਈਸ-ਚਾਂਸਲਰ ਹਨ। ਇੱਕ ਸਨਮਾਨਯੋਗ ਪ੍ਰਾਅਧਿਆਪਕ ਵਜੋਂ ਪ੍ਰੋ ਸੈਣੀ ਦਾ ਕੈਨੇਡੀਅਨ ਤਜ਼ਰਬਾ ਦੇਸ਼ ਦੀਆਂ ਚੋਟੀ ਦੀਆਂ 15 ਯੂਨੀਵਰਸਿਟੀਆਂ ਵਿੱਚੋਂ ਚਾਰ ਵਿੱਚ ਕੰਮ ਕਰਨਾ ਸ਼ਾਮਲ ਹੈ। ਪ੍ਰੋ. ਸੈਣੀ ਨੂੰ ਕਿਊਬਿਕ ਸੱਭਿਆਚਾਰ ਦੀ ਡੂੰਘੀ ਸਮਝ ਹੈ, ਜੋ ਕਿ ਮਾਂਟਰੀਅਲ ਵਿੱਚ ਦੋ ਦਹਾਕੇ ਦੇ ਕਰੀਬ ਰਿਹਾ ਹੈ। ਉਹ ਅੰਗਰੇਜ਼ੀ ਅਤੇ ਫ੍ਰੈਂਚ ਸਮੇਤ ਚਾਰ ਭਾਸ਼ਾਵਾਂ ਦਾ ਮਾਹਰ ਹੈ। ਉਸਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਗਵਰਨੈਂਸ ਅਤੇ ਸਲਾਹਕਾਰ ਭੂਮਿਕਾਵਾਂ ਨਿਭਾਈਆਂ, ਜਿਸ ਵਿੱਚ ਕੈਨੇਡੀਅਨ ਖੋਜ ਯੂਨੀਵਰਸਿਟੀਆਂ ਦੇ "15 ਸਮੂਹ ਦੀ ਕਾਰਜਕਾਰੀ ਕਮੇਟੀ ਅਤੇ ਯੂਨੀਵਰਸਿਟੀਜ਼ ਕੈਨੇਡਾ ਦੇ ਬੋਰਡ ਆਫ਼ ਡਾਇਰੈਕਟਰਜ਼ ਸ਼ਾਮਲ ਹਨ, ਜਿੱਥੇ ਉਹ ਵਰਤਮਾਨ ਵਿੱਚ ਉਪ-ਚੇਅਰ ਵਜੋਂ ਕੰਮ ਕਰਦੇ ਹਨ ਅਤੇ 2023 ਵਿੱਚ ਚੇਅਰ ਵਜੋਂ ਆਪਣਾ ਕਾਰਜਕਾਲ ਸ਼ੁਰੂ ਕਰਨਗੇ।

## ਸਰੀ ਮੇਅਰ ਬਰੈਂਡਾ ਲੋਕ ਨੇ ਮਿਉਂਸਪਲ ਪੁਲਿਸ ਫੋਰਸ ਨੂੰ ਖ਼ਤਮ ਕਰਨ ਲਈ ਚੁੱਕਿਆ ਪਹਿਲਾ ਕਦਮ

ਸਫ਼ਾ 1 ਦੀ ਬਾਕੀ

ਦੀ ਮੰਗ ਕੀਤੀ ਅਤੇ ਕੌਂਸਲਰ ਡੱਗ ਐਲਫੋਰਡ ਨੇ ਕਿਹਾ ਕਿ ਆਰਸੀਐਮਪੀ ਡਿਟੈਚਮੈਂਟ ਕੋਲ ਘੱਟ ਵਸੀਲੇ ਹੋਣ ਕਾਰਨ ਸਰੀ ਵਿਚ ਅਪਰਾਧ ਦੀ ਦਰ ਜ਼ਿਆਦਾ ਹੈ। 2018 ਤੋਂ ਸਰੀ ਵਿਚ ਪੁਲਿਸ ਇਕ ਵੰਡ ਵਾਲਾ ਮੁੱਦਾ ਰਿਹਾ ਹੈ ਜਦੋਂ ਸਾਬਕਾ ਮੇਅਰ ਡੱਗ ਮੈਕਲਮ ਨੇ ਆਰਸੀਐਮਪੀ ਤੋਂ ਛੁਟਕਾਰਾ ਪਾਉਣ ਦੇ ਵਾਅਦੇ ਨਾਲ ਸੱਤਾ ਸੰਭਾਲੀ ਸੀ। ਇਸ ਦੇ ਉਲਟ ਲੋਕ ਨੇ ਆਰਸੀਐਮਪੀ ਨੂੰ ਕਾਇਮ ਰੱਖਣ ਦੇ ਵਾਅਦੇ ਨਾਲ 2022 ਵਿਚ ਮੈਕਲਮ ਖਿਲਾਫ ਮੁਹਿੰਮ ਚਲਾਈ। ਵਿਚਕਾਰਲੇ ਸਾਲਾਂ ਵਿਚ ਐਸਪੀਐਸ ਕਾਇਮ ਕਰਨ ਲਈ 100 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਪੈਸੇ ਖਰਚ ਕੀਤੇ ਗਏ, ਇਸ ਦਾ ਬੋਰਡ ਅਤੇ 315 ਮੈਂਬਰਾਂ ਸਹੁੰ ਚੁਕ ਚੁੱਕੇ ਹਨ ਜਿਨ੍ਹਾਂ ਵਿਚੋਂ 154 ਪਹਿਲਾਂ ਹੀ ਆਰਸੀਐਮਪੀ ਦੇ ਨਿਰਦੇਸ਼ ਹੇਠ ਸੜਕਾਂ 'ਤੇ ਕੰਮ ਕਰ ਰਹੇ ਹਨ। ਵੋਟਿੰਗ ਤੋਂ ਪਹਿਲਾਂ ਐਸਪੀਐਸ ਨੇ ਕਿਹਾ ਕਿ ਉਸ ਨਾਲ ਸਟਾਫ ਕਾਰਪੋਰੇਟ ਰਿਪੋਰਟ 'ਤੇ ਇਨਪੁਟ ਲਈ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ ਜਿਸ ਦਾ ਪੁਲਿਸ ਫੋਰਸ ਸਮਰਥਨ ਕਰਦੀ ਹੈ। ਐਸਪੀਐਸ ਸੂਬਾ ਸਰਕਾਰ ਦੀ ਪ੍ਰਵਾਨਗੀ ਨਾਲ ਬਣਾਈ ਗਈ ਹੈ ਅਤੇ ਉਹੀ ਅਥਾਰਟੀ ਇਸ ਨੂੰ ਖਤਮ ਕਰ ਸਕਦੀ ਹੈ। ਇਸ ਦਾ ਮਤਲਬ ਫਾਰਮਵਰਥ ਆਖਰੀ ਫੈਸਲਾ ਲੈਣਗੇ। ਆਰਸੀਐਮਪੀ ਮੁਤਾਬਿਕ ਸਰੀ ਕੌਂਸਲ ਨੇ ਸਰੀ ਮਿਉਂਸਪਲ ਪੁਲਿਸ ਵਿਭਾਗ ਤੋਂ ਪੁਲਿਸ ਡਿਊਟੀ ਲੈਣ ਲਈ 1950 ਵਿਚ ਮਤਾ ਪਾਸ ਕੀਤਾ ਸੀ। ਸਰੀ ਆਰਸੀਐਮਪੀ ਹੁਣ ਕੈਨੇਡਾ ਵਿਚ ਸਭ ਤੋਂ ਵੱਡੀ ਆਰਸੀਐਮਪੀ ਡਿਟੈਚਮੈਂਟ ਹੈ।

WE HAVE MOVED TO BIGGER & BETTER LOCATION
#208-7110-120TH ST, SURREY


ICBC
NO WIN NO FEE
WE DO HOME & HOSPITAL VISITS
Your Lawyers, Because We Care
■ Criminal Law
■ Divorce Cases
■ Immigration Law
■ Notary Services
Singh Thind and Associates
BARRISTERS & SOLICITORS
#208 7110 120TH ST, SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

# ਬੀ.ਸੀ. ਰੀਅਲ ਅਸਟੇਟ-ਘਰਾਂ ਦੀ ਵਿਕਰੀ ਘਟੀ ਪਰ ਕੀਮਤਾਂ ਨਹੀਂ ਘਟੀਆਂ

ਵੈਨਕੂਵਰ-ਬੀਸੀ ਵਿਚ ਮਕਾਨਾਂ ਦੀ ਵਿਕਰੀ ਅਕਤੂਬਰ ਮਹੀਨੇ ਹੋਰ ਜ਼ਿਆਦਾ ਘੱਟ ਗਈ ਕਿਉਂਕਿ ਵਿਆਜ ਦਰਾਂ ਵਿਚ




ਵਾਧੇ ਤੇ ਆਰਥਿਕ ਅਨਿਸ਼ਚਤਤਾ ਕਾਰਨ ਸੰਭਾਵਤ ਖਰੀਦਦਾਰ ਦੂਰ ਰਹੇ। ਬੀਸੀ ਰੀਅਲ ਅਸਟੇਟ ਐਸੋਸੀਏਸਨ ਦੀ ਤਾਜ਼ਾ ਰਿਪੋਰਟ ਮੁਤਾਬਿਕ ਪਿਛਲੇ ਮਹੀਨੇ ਮਲਟੀਪਲ ਲਿਸਟਿੰਗ ਸਰਵਿਸ (ਐਮਐਲਐਸ) ਵਲੋਂ 5242 ਰਿਹਾਇਸ਼ੀ ਮਕਾਨਾਂ ਦੀ ਵਿਕਰੀ ਦਰਜ ਕੀਤੀ ਹੈ ਅਤੇ ਇਹ ਸਾਲ ਦਰ ਸਾਲ 45 ਫ਼ੀਸਦੀ ਗਿਰਾਵਟ ਹੈ। 2021 ਵਿਚ ਸਿਖਰ 'ਤੇ ਜਾਣ ਪਿੱਛੋਂ ਵਿਕਰੀ ਘਟੀ ਹੈ ਜਦੋਂ ਘੱਟ ਵਿਆਜ ਦਰਾਂ ਅਤੇ ਕੋਵਿਡ-19 ਮਹਾਂਮਾਰੀ ਦੌਰਾਨ ਘਰ ਤੋਂ ਕੰਮ ਕਰਨ ਦੇ ਰੁਝਾਨ ਨੇ ਵੱਡੇ ਮੈਟਰੋਪੋਲੀਟਨ ਇਲਾਕਿਆਂ ਦੇ ਬਾਹਰ ਵੱਡੀਆਂ ਥਾਵਾਂ ਤੇ ਪ੍ਰਾਪਰਟੀਜ਼ ਦੀ ਮੰਗ ਵਧਾ ਦਿੱਤੀ ਸੀ। ਵਿਕਰੀ ਘਟਣ ਦਾ ਮਤਲਬ ਕੀਮਤਾਂ ਵੀ ਪ੍ਰਭਾਵਤ ਹੋ ਰਹੀਆਂ ਹਨ। ਇਕ ਨਿਊਜ਼ ਰਿਲੀਜ਼ ਵਿਚ ਬੀਸੀਆਰਈਏ ਦੇ ਮੁੱਖ ਅਰਥਸ਼ਾਸਤਰੀ ਬਰੇਂਡਨ ਓਗਮੰਡਸਨ ਨੇ ਕਿਹਾ ਕਿ ਸਮੁੱਚੇ ਸੂਬੇ ਵਿਚ ਵਿਕਰੀ ਸਰਗਰਮੀ ਘੱਟ ਰਹੀ ਹੈ। 2022 ਦੇ ਸ਼ੁਰੂ ਵਿਚ ਸਿਖਰਲੇ ਪੱਧਰ 'ਤੇ ਪਹੁੰਚਣ ਪਿੱਛੋਂ ਕੀਮਤਾਂ ਡਿਗੀਆਂ ਹਨ। ਇੰਡਸਟਰੀ ਦੀ ਮਾਸਕ ਰਿਪੋਰਟਾਂ ਦੱਸਦੀਆਂ ਹਨ ਕਿ ਵਿਕਰੀ ਤੇ ਕੀਮਤਾਂ ਘਟੀਆਂ ਹਨ ਅਤੇ ਕੁਝ ਰੀਅਲ ਟਾਈਮ ਅੰਕੜੇ ਮੈਡਨ ਕੀਮਤਾਂ ਵਿਚ ਤਿੱਖੀ ਗਿਰਾਵਟ ਦਿਖਾਉਂਦੇ ਹਨ। ਪਾਵੇਲ ਰਿਵਰ ਆਧਾਰਤ ਰੀਅਲ ਅਸਟੇਟ ਏਜੰਟ ਵਾਰਨ ਬੇਹਨ ਆਖਦੇ ਹਨ ਕਿ ਸਾਡੀਆਂ ਕੀਮਤਾਂ ਸੂਬੇ ਵਿਚ ਦੂਸਰੀਆਂ ਮਾਰਕੀਟਾਂ ਵਾਂਗ ਡਿਗ ਰਹੀਆਂ ਹਨ।

# ਕੋਵਿਡ-19-ਬੀਸੀ ਵਿਚ ਮਾਸਕ ਪਹਿਨਣ ਦੀ ਸਲਾਹ ਪਰ ਇਹ ਲਾਜ਼ਮੀ ਨਹੀਂ-ਡਾ. ਬੋਨੀ ਹੈਨਰੀ

ਵਿਕਟੋਰੀਆ-ਬੀਸੀ ਦੀ ਸਿਹਤ ਅਫਸਰ ਡਾ. ਬੋਨੀ ਹੈਨਰੀ ਨੇ ਕਿਹਾ ਕਿ ਜੇਕਰ ਬੀਸੀ ਵਾਸੀਆਂ ਨੂੰ ਸਾਹ ਦੀਆਂ ਬਿਮਾਰੀਆਂ ਦੇ ਲੱਛਣ ਦਿਸਦੇ ਹਨ ਅਤੇ ਇਨਡੋਰ ਵਿਚ ਦੂਸਰਿਆਂ ਨਾਲ ਸੰਪਰਕ ਕਰਨ ਤੋਂ ਨਹੀਂ ਬਚ ਸਕਦੇ ਤਾਂ ਉਨ੍ਹਾਂ ਨੂੰ ਮਾਸਕ ਪਹਿਨਣਾ ਚਾਹੀਦਾ ਹੈ। ਡਾ. ਹੈਨਰੀ ਨੇ ਕਿਹਾ ਕਿ ਅਸੀਂ ਇਸ ਸਮੇਂ ਮਾਸਕ ਲਾਜ਼ਮੀ ਕਰਨ 'ਤੇ ਵਿਚਾਰ ਨਹੀਂ ਕਰ ਰਹੇ ਪਰ ਉਸ ਨੇ ਕਿਹਾ ਕਿ ਮਹਾਂਮਾਰੀ ਦੇ ਫੈਲਣ ਕਾਰਨ ਜੇਕਰ ਜ਼ਰੂਰੀ ਹੋਇਆ ਤਾਂ ਇਸ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ। ਅਸੀਂ ਸਮੁੱਚੇ ਸੂਬੇ ਵਿਚ ਸਾਹ ਦੀਆਂ ਬਿਮਾਰੀਆਂ ਵਿਚ ਵਾਧਾ ਦੇਖ ਰਹੇ ਹਾਂ। ਉਸ ਦਾ ਕਹਿਣਾ ਕਿ ਇਸ ਗੱਲ ਦੀ ਆਸ ਕੀਤੀ ਜਾ ਸਕਦੀ ਹੈ ਕਿਉਂਕਿ ਵਾਇਰਸ ਪੱਤਝੜ ਅਤੇ ਸਰਦੀ ਵਿਚ ਮਾਮਲੇ ਵਧਦੇ ਹਨ ਅਤੇ ਜ਼ਿਆਦਾ ਲੋਕ ਕੋਵਿਡ ਪਾਬੰਦੀਆਂ ਤੋਂ ਬਿਨ੍ਹਾਂ ਇਨਡੋਰ ਸਰਗਰਮੀਆਂ ਵਿਚ ਵਾਪਸ ਆ ਰਹੇ ਹਨ। ਹੈਨਰੀ ਨੇ ਦੱਸਿਆ ਕਿ ਜਿਹੜੇ ਲੋਕ ਬਿਮਾਰ ਹਨ ਉਨ੍ਹਾਂ ਨੂੰ ਬੁਖਾਰ ਹਟਣ ਤਕ ਘਰ ਵਿਚ ਰਹਿਣਾ ਚਾਹੀਦਾ ਹੈ।



# ਸਰੀ ਨਾਓ-ਲੀਡਰ ਨੇ ਜਿੱਤੇ 10 ਨੈਸ਼ਨਲ ਕਮਿਊਨਿਟੀ ਪੁਰਸਕਾਰ

ਸਰੀ-ਸਰੀ ਨਾਓ-ਲੀਡਰ ਦੀ ਇਸ ਦੀ ਸਰਕੂਲੇਸ਼ਨ ਕਲਾਸ (17500 ਤੇ ਵੱਧ) ਵਿਚ ਸਰਬੋਤਮ ਕਮਿਊਨਿਟੀ ਅਖ਼ਬਾਰ ਵਜੋਂ ਚੋਣ ਕੀਤੀ ਗਈ ਹੈ। ਜਨਰਲ ਐਕਸੀਲੈਂਸੀ ਐਵਾਰਡ 10 ਕੈਨੇਡੀਅਨ ਕਮਿਊਨਿਟੀ ਨਿਊਜ਼ਪੇਪਰ ਐਵਾਰਡਾਂ ਵਿਚੋਂ ਇਕ ਹੈ ਜਿਹੜਾ ਨਾਓ-ਲੀਡਰ ਨੇ 2020-2021 ਦੌਰਾਨ ਆਪਣੇ ਕੰਮ ਲਈ ਪ੍ਰਾਪਤ ਕੀਤਾ ਹੈ। ਨਾਓ-ਲੀਡਰ ਦੀ ਵੈੱਬਸਾਈਟ ਦੀ ਵੀ 2021 ਵਿਚ ਸਰਬੋਤਮ ਕਮਿਊਨਿਟੀ ਨਿਊਜ਼ਪੇਪਰ ਵੈੱਬਸਾਈਟ ਵਜੋਂ ਚੋਣ ਕੀਤੀ ਗਈ ਹੈ। ਪੱਤਰਕਾਰ ਟੋਮ ਜ਼ਾਇਟਾਰੂਕ ਨੇ ਵੀ ਤਿੰਨ ਪੁਰਸਕਾਰ ਜਿੱਤੇ ਜਿਨ੍ਹਾਂ ਵਿਚੋਂ ਇਕ ਉਸ ਦੀ ਸਾਬਕਾ ਮੇਅਰ ਡੱਗ ਮੈਕਲਮ ਦੇ ਜਨਤਕ ਸ਼ਰਾਰਤ ਦੇ ਦੋਸ਼ ਦੀ ਕਵਰੇਜ ਨਾਲ ਸਬੰਧਤ ਹੈ। ਸੰਪਾਦਕ ਬੀਉ ਸਿੰਪਸਨ ਨੇ ਕਿਹਾ ਕਿ ਇਹ ਪੁਰਸਕਾਰ ਪ੍ਰਤਿਭਾਸ਼ਾਲੀ ਤੇ ਸਮਰਪਿਤ ਪੱਤਰਕਾਰਾਂ ਦਾ ਪ੍ਰਮਾਣ ਹੈ ਜਿਹੜੇ ਨਾਓ-ਲੀਡਰ ਨਾਲ ਕੰਮ ਕਰਦੇ ਹਨ।

# ਰਿਮੈਂਬਰੈਂਸ ਡੇਅ ਮਨਾਇਆ

ਸਰੀ-11 ਨਵੰਬਰ ਨੂੰ ਹਜ਼ਾਰਾਂ ਸਰੀ ਵਾਸੀ ਰਿਮੈਂਬਰੈਂਸ ਦਿਵਸ ਜਸ਼ਨਾਂ ਲਈ ਇਕੱਤਰ ਹੋਏ। ਰਿਮੈਂਬਰੈਂਸ ਡੇਅ ਸਮਾਰੋਹ ਸ਼ਹਿਰ ਵਿਚ 6 ਵੱਖ ਵੱਖ ਥਾਵਾਂ 'ਤੇ ਕੀਤੇ ਗਏ। ਮੇਅਰ ਬਰੈਂਡਾ ਲੋਕ ਨੇ ਕਿਹਾ ਕਿ ਹਰੇਕ ਸਾਲ ਸਰੀ ਵਾਸੀ ਅਤੇ ਕੈਨੇਡੀਅਨਾਂ ਦੇ ਹੌਸਲੇ ਤੇ ਕੁਰਬਾਨੀ ਨੂੰ ਯਾਦ ਕਰਨ ਤੇ ਸਨਮਾਨ ਕਰਨ ਲਈ ਇਕੱਤਰ ਹੁੰਦੇ ਹਨ ਜਿਨ੍ਹਾਂ ਨੇ ਸਾਡੇ ਦੇਸ਼ ਦੀ ਸੇਵਾ ਕੀਤੀ ਅਤੇ ਸੇਵਾ ਨੂੰ ਜਾਰੀ ਰੱਖਿਆ।

# 7 ਸਾਲਾ ਬੱਚੀ ਦੇ ਜਿਣਸੀ ਸੋਸ਼ਣ ਲਈ ਦੋਸ਼ੀ ਨੂੰ 6 ਸਾਲ ਕੈਦ ਦੀ ਸਜ਼ਾ

ਸਰੀ-ਇਥੋਂ ਦੇ ਇਕ ਵਿਅਕਤੀ ਨੂੰ ਆਪਣੀ 7 ਸਾਲਾ ਮਤਰੇਈ ਪੋਤਰੀ ਦੇ ਜਿਣਸੀ ਸੋਸ਼ਣ ਲਈ 6 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਪੀੜਤ ਦੀ ਪਛਾਣ ਦੇ ਬਚਾਅ ਲਈ ਇਸ ਵਿਅਕਤੀ ਦਾ ਨਾਂਅ ਨਹੀਂ ਛਾਪਿਆ ਜਾ ਸਕਦਾ। ਅਦਾਲਤ ਨੂੰ ਦੱਸਿਆ ਗਿਆ ਸੀ ਕਿ ਉਸ ਨੇ ਲੜਕੀ ਨੂੰ ਧਮਕੀ ਦਿੱਤੀ ਸੀ ਕਿ ਜੇਕਰ ਕਿਸੇ ਨੂੰ ਦੱਸਿਆ ਤਾਂ ਉਹ ਉਸ ਨੂੰ ਮਾਰ ਦੇਵੇਗਾ। ਉਸ ਨੂੰ ਨਿਊ ਵੈਸਟਮਿਨਸਟਰ ਵਿਚ ਬੀਸੀ ਦੀ ਸੁਪਰੀਮ ਕੋਰਟ ਵਿਚ 12 ਦਿਨ ਚੱਲੇ ਮੁਕੱਦਮੇ ਪਿੱਛੋਂ ਜਿਣਸੀ ਦਖਲਅੰਦਾਜ਼ੀ ਤੇ ਧਮਕੀਆਂ ਦੇਣ ਲਈ ਕਸੂਰਵਾਰ ਪਾਇਆ ਗਿਆ ਸੀ। ਇਹ ਅਪਰਾਧ ਵੀਕਐਂਡ ਦੌਰਾਨ ਸਰੀ ਵਿਚ ਉਸ ਦੇ ਕੰਡੋਮੋਨੀਅਮ ਵਿਚ ਵਾਪਰੇ ਜਿਥੇ ਉਹ ਲੜਕੀ ਦੀ ਦਾਦੀ ਨਾਲ ਰਹਿੰਦਾ ਸੀ। ਇਹ ਅਪਰਾਧ ਬੱਚੀ ਦੀ ਦਾਦੀ ਦੇ ਕੰਮ ਤੋਂ ਆਉਣ ਤੋਂ ਪਹਿਲਾਂ ਵਾਪਰੇ ਸੀ।

# ਲਾਪਤਾ ਔਰਤ ਦੀ ਭਾਲ ਲਈ ਆਰਸੀਐਮਪੀ ਵਲੋਂ ਮਦਦ ਦੀ ਅਪੀਲ

ਸਰੀ-ਆਰਸੀਐਮਪੀ 56 ਸਾਲਾ ਲਾਪਤਾ ਹੋਈ ਔਰਤ ਟਰੈਸੀ ਜੌਹਲ ਨੂੰ ਲੱਭਣ ਲਈ ਜਨਤਾ ਨੂੰ ਮਦਦ ਕਰਨ ਦੀ ਅਪੀਲ ਕਰ ਰਹੀ ਹੈ। ਪੁਲਿਸ ਨੇ ਦੱਸਿਆ ਕਿ ਜੌਹਲ ਨੂੰ ਆਖਰੀ ਵਾਰ 120ਵੀਂ ਸਟਰੀਟ ਦੇ 6600 ਬਲਾਕ ਇਲਾਕੇ ਵਿਚ 8 ਨਵੰਬਰ ਨੂੰ ਤੜਕੇ 2 ਵਜੇ ਆਪਣੇ ਘਰ ਤੋਂ ਜਾਂਦੇ ਦੇਖਿਆ ਗਿਆ ਸੀ। ਉਨ੍ਹਾਂ ਦਾ ਕਹਿਣਾ ਕਿ ਉਸ ਦਾ ਪਰਿਵਾਰ ਤੇ ਪੁਲਿਸ ਉਸ ਦੀ ਰਾਜ਼ੀ ਖੁਸ਼ੀ ਬਾਰੇ ਚਿੰਤਤ ਹੈ ਕਿਉਂਕਿ ਉਸ ਦਾ ਲਾਪਤਾ ਹੋਣਾ ਅਸਾਧਾਰਣ ਗੱਲ ਹੈ।

Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

# ਫੈਡਰਲ ਸਰਕਾਰ ਵਲੋਂ ਅਰਬਾਂ ਡਾਲਰ ਖਰਚਣ ਦੇ ਬਾਵਜੂਦ ਬੇਘਰਿਆਂ ਦੀ ਗਿਣਤੀ ਵਿਚ ਵਾਧਾ-ਆਡੀਟਰ ਜਨਰਲ ਰਿਪੋਰਟ

ਓਟਵਾ-ਤੁਸੀਂ ਲੋਕਾਂ ਦੇ ਬੇਘਰ ਹੋਣ ਵਿਰੁੱਧ ਲੜਾਈ ਲਈ ਅਰਬਾਂ ਡਾਲਰ ਖਰਚ ਰਹੇ ਹੋ ਅਤੇ ਤੁਹਾਡੇ ਕੋਲ ਇਹ ਜਾਨਣ ਲਈ



ਕੋਈ ਅੰਕੜੇ ਨਹੀਂ ਕਿ ਇਹ ਖਰਚ ਕੰਮ ਕਰ ਰਿਹਾ ਹੈ ਜਾਂ ਨਹੀਂ। ਤੁਸੀਂ ਇਸ ਗੱਲ ਲਈ ਮੁਆਫੀ ਕਿਉਂ ਨਹੀਂ ਮੰਗ ਰਹੇ ? ਇਹ ਸਵਾਲ ਇਕ ਪੱਤਰਕਾਰ ਮਕਾਨ ਉਸਾਰੀ ਮੰਤਰੀ ਅਹਿਮਦ ਹੁਸੈਨ ਨੂੰ ਕਰਦਾ ਹੋਇਆ ਨਿਰਾਸ਼ਾ ਜ਼ਾਹਿਰ ਕਰ ਰਿਹਾ ਸੀ। ਇਹ ਨਿਰਾਸ਼ਾ ਕੋਈ ਵੀ ਟੈਕਸ ਦਾਤਾ ਮਹਿਸੂਸ ਕਰੇਗਾ ਜਿਹੜਾ ਬੇਘਰ ਹੋਣ ਦੀ ਗੰਭੀਰ ਸਥਿਤੀ ਬਾਰੇ ਆਡੀਟਰ ਜਨਰਲ ਦੀ ਤਾਜ਼ਾ ਰਿਪੋਰਟ ਪੜ੍ਹਨ ਲਈ ਸਮਾਂ ਕੱਢਦਾ ਹੈ। ਟਰੂਡੋ ਸਰਕਾਰ ਸ਼ਾਨਦਾਰ ਤੇ ਮਹਿੰਗੀਆਂ ਵਚਨਬੱਧਤਾਵਾਂ ਕਰਨ ਲਈ ਵਰਲਡ ਕਲਾਸ ਹੈ ਜਿਨ੍ਹਾਂ ਬਾਰੇ ਬਾਅਦ ਵਿਚ ਰੌਲਾ ਜ਼ਿਆਦਾ ਪਾਇਆ ਜਾਂਦਾ ਹੈ ਤੇ ਕੰਮ ਘੱਟ ਕੀਤਾ ਜਾਂਦਾ ਹੈ। ਇਸ ਮਾਮਲੇ ਵਿਚ ਜਦੋਂ ਇਸ ਨੇ 2017 ਵਿਚ 78.5 ਅਰਬ ਡਾਲਰ ਦੀ ਕੌਮੀ ਹਾਊਸਿੰਗ ਰਣਨੀਤੀ ਦਾ ਖੁਲਾਸਾ ਕੀਤਾ ਸੀ ਤਾਂ ਇਸ ਨੇ ਵਾਅਦਾ ਕੀਤਾ ਸੀ ਕਿ 2027-228 ਤਕ ਬੇਘਰ ਹੋਣ ਦੀ ਗੰਭੀਰ ਸਮੱਸ਼ਿਆ ਅੱਧੀ ਰਹਿ ਜਾਵੇਗੀ। ਇਸ ਦੀ ਬਜਾਏ ਆਡੀਟਰ ਜਨਰਲ ਕੇਰਨ ਹੋਗਨ ਨੇ ਪਾਇਆ ਕਿ ਹਾਊਸਿੰਗ ਲਈ ਜ਼ਿੰਮੇਵਾਰ ਵਿਭਾਗਾਂ ਨੇ ਅਰਬਾਂ ਡਾਲਰ ਖਰਚ ਕੀਤੇ ਹਨ ਅਤੇ ਸੜਕਾਂ 'ਤੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਸ਼ਾਇਦ ਵੱਧ ਰਹੀ ਹੈ। ਉਸ ਦੀ ਰਿਪੋਰਟ ਕਹਿੰਦੀ ਹੈ ਕਿ ਇਨਫਰਾਸਟਰੱਕਚਰ ਕੈਨੇਡਾ ਐਂਡ ਡਿਵੈਲਪਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਬੇਘਰੇ ਲੋਕਾਂ ਦੀ ਗਿਣਤੀ ਵਧੀ ਹੈ ਜਾਂ ਘਟੀ ਕਿਉਂਕਿ ਉਨ੍ਹਾਂ ਨੇ ਇਹ ਪਤਾ ਲਗਾਉਣ ਲਈ ਕੌਮੀ ਸ਼ੈਲਟਰ ਡਾਟਾ ਦਾ ਵਿਸ਼ਲੇਸ਼ਣ ਹੀ ਨਹੀਂ ਕੀਤਾ ਕਿ ਉਨ੍ਹਾਂ ਦੇ ਪ੍ਰੋਗਰਾਮ ਮਦਦ ਕਰ ਰਹੇ ਹਨ ਜਾਂ ਨਹੀਂ।

# ਸਮੁੱਚੇ ਕੈਨੇਡਾ ਵਿਚ ਦਵਾਈਆਂ ਦੀ ਭਾਰੀ ਘਾਟ

ਹੈਲੀਫੈਕਸ-ਕੈਨੇਡਾ ਵਿਚ ਦਵਾਈਆਂ ਦੀ ਘਾਟ ਦੀ ਸਥਿਤੀ ਬੱਚਿਆਂ ਦੀ ਦਰਦ ਤੇ ਬੁਖਾਰ ਦੀ ਦਵਾਈ ਤੋਂ ਦੂਸਰੀਆਂ ਦਵਾਈਆਂ ਤਕ ਵਧ ਰਹੀ ਹੈ ਕਿਉਂਕਿ ਸਮੁੱਚੇ ਦੇਸ਼ ਵਿਚ ਦਵਾਈਆਂ ਦੀ ਸਪਲਾਈ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ। ਉਦਯੋਗ ਮਾਹਿਰਾਂ ਦਾ ਕਹਿਣਆ ਕਿ ਸੈਂਕੜੇ ਦਵਾਈਆਂ ਦੀ ਥੁੜ੍ਹ ਚਲ ਰਹੀ ਹੈ ਜਾਂ ਸਟਾਕ ਵਿਚੋਂ ਪੂਰੀ ਤਰ੍ਹਾਂ ਮੁਕ ਚੁੱਕੀਆਂ ਹਨ, ਕੁਝ ਮੈਡੀਕਲ ਸਟੋਰਾਂ ਵਿਚ ਬੱਚਿਆਂ ਦੀ ਐਲਰਜੀ, ਬਾਲਗਾਂ ਦੀ ਖੰਘ ਤੇ ਜ਼ੁਕਾਮ, ਅੱਖਾਂ ਵਿਚ ਪਾਉਣ ਵਾਲੀ ਦਵਾਈਆਂ ਅਤੇ ਇਥੋਂ ਤੱਕ ਖਾਧੀਆਂ ਜਾਣ ਵਾਲੀਆਂ ਐਂਟੀਬਾਇਓਟਿਕਸ ਦਵਾਈਆਂ ਖਤਮ ਹੋ ਚੁੱਕੀਆਂ ਹਨ। ਇਹ ਸਥਿਤੀ ਫਾਰਮਾਸਿਸਟਾਂ ਨੂੰ ਇਸ ਦਾ ਬਦਲ ਲੱਭਣ ਲਈ ਮਜ਼ਬੂਰ ਕਰ ਰਹੀ ਹੈ ਜਦਕਿ ਬਹੁਤ ਸਾਰੇ ਕੈਨੇਡੀਅਨਾਂ ਉਨ੍ਹਾਂ ਬਿਮਾਰੀਆਂ ਦੇ ਇਲਾਜ ਲਈ ਘੰਟਿਆਂ ਬੱਧੀ ਐਮਰਜੈਂਸੀ ਰੂਮਾਂ ਵਿਚ ਉਡੀਕ ਕਰਨੀ ਪੈ ਰਹੀ ਹੈ ਜਿਸ ਦਾ ਉਹ ਆਮ ਤੌਰ 'ਤੇ ਘਰ ਬੈਠ ਕੇ ਇਲਾਜ ਕਰਵਾ ਲੈਂਦੇ ਹਨ। ਨੋਵਾ ਸਕੋਸ਼ੀਆ ਦੇ ਸਾਊਥ ਸ਼ੋਰ ਵਿਖੇ ਬਰਿਜਵਾਟਰ ਗਾਰਡੀਅਨ ਫਾਰਮੇਸੀ ਦੇ ਫਰਮਾਸਿਸਟ ਤੇ ਮਾਲਕ ਪੈਮ ਕੈਨੇਡੀ ਨੇ ਕਿਹਾ ਕਿ ਸਥਿਤੀ ਲਗਾਤਾਰ ਖਰਾਬ ਹੋ ਰਹੀ ਹੈ। ਫਾਰਮੇਸੀ ਟੀਮਾਂ ਮਰੀਜ਼ਾਂ ਲਈ ਦੂਸਰੇ ਵਿਕਲਪ ਲੱਭਣ ਲਈ ਸਖਤ ਮਿਹਨਤ ਕਰ ਰਹੀਆਂ ਹਨ ਪਰ ਸਥਿਤੀ ਦਿਨੋ ਦਿਨ ਔਖੀ ਹੁੰਦੀ ਜਾ ਰਹੀ ਹੈ। ਡਾਕਟਰਾਂ ਵਲੋਂ ਮਰੀਜ਼ਾਂ ਲਈ ਲਿਖੀਆਂ ਦਵਾਈਆਂ ਵਿਚੋਂ ਲਗਪਗ



ਹਰ ਤੀਸਰੀ ਦਵਾਈ ਸਟਾਕ ਵਿਚ ਮੌਜੂਦ ਨਹੀਂ। ਉਹ ਆਖਦੀ ਹੈ ਕਿ ਕੁਝ ਡਰੱਗ ਬਰਾਂਡਾਂ ਨੇ ਸੰਕੇਤ ਦਿੱਤਾ ਹੈ ਕਿ ਦਵਾਈਆਂ ਦੀ ਘਾਟ 2023 ਦੇ ਸ਼ੁਰੂ ਤਕ ਚੱਲਣ ਦੀ ਆਸ ਹੈ। ਹਾਊਸ ਆਫ ਕਾਮਨਜ਼ ਹੈਲਥ ਕਮੇਟੀ ਦੀ ਮੀਟਿੰਗ ਦੌਰਾਨ ਸਥਿਤੀ ਨੂੰ ਤੇਜ਼ੀ ਜਾਂ ਪ੍ਰਭਾਵਸ਼ਾਲੀ ਤਰੀਕੇ ਨਾਲ ਨਾ ਸੰਭਾਲਣ ਲਈ ਹੈਲਥ ਕੈਨੇਡਾ ਦੇ ਅਧਿਕਾਰੀਆਂ ਦੀ ਆਲੋਚਨਾ ਕੀਤੀ ਗਈ।




Call today to get started
SANJEEV KATYAL
604.767.5194
Info@katyalmortgage.ca
invis
Canada's Mortgage Experts™
WWW.KATYALMORTGAGE.CA

# ਕੌਂਸਲਰ ਲਿੰਡਾ ਐਨੀਸ ਵਲੋਂ ਪੁਲਿਸ ਟਰਾਂਜ਼ੀਸ਼ਨ ਅਸਫ਼ਲਤਾ 'ਤੇ ਰਾਏਸ਼ਮਾਰੀ ਦਾ ਸੱਦਾ

ਸਰੀ-ਕੌਂਸਲਰ ਲਿੰਡਾ ਐਨੀਸ ਨੇ ਕਿਹਾ ਕਿ ਵੋਟਰਾਂ ਨੂੰ ਇਹ ਫ਼ੈਸਲਾ ਲੈਣ ਦੀ ਲੋੜ ਹੈ ਕਿ ਸਰੀ ਨੂੰ ਆਰਸੀਐਮਪੀ ਨਾਲ ਡਟੇ ਰਹਿਣਾ ਚਾਹੀਦਾ ਹੈ ਜਾਂ ਸਰੀ ਪੁਲਿਸ ਸਰਵਿਸ ਟਰਾਂਜ਼ੀਸ਼ਨ ਨੂੰ ਜਾਰੀ ਰੱਖਣ ਦਾ ਪੱਖ ਲੈਣਾ ਚਾਹੀਦਾ ਹੈ। ਕੌਂਸਲਰ ਲਿੰਡਾ ਐਨੀਸ ਬੀਸੀ ਦੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਨੂੰ ਅਪੀਲ ਕਰ ਰਹੀ



ਹੈ ਕਿ ਸ਼ਹਿਰ ਵਿਚ ਜਨਤਕ ਰਾਏਸ਼ਮਾਰੀ ਕਰਵਾਈ ਜਾਵੇ ਜਿਸ ਵਿਚ ਸ਼ਹਿਰ ਵਾਸੀਆਂ ਨੂੰ ਇਹ ਫ਼ੈਸਲਾ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਕਿ ਸਰੀ ਵਿਚ ਆਰਸੀਐਮਪੀ ਜਾਂ ਮਿਊਂਸਪਲ ਪੁਲਿਸ ਫੋਰਸ ਹੋਣੀ ਚਾਹੀਦੀ ਹੈ। ਫਾਰਨਵਰਥ ਦੇ ਦਫ਼ਤਰ ਨੂੰ ਲਿਖੇ ਪੱਤਰ ਵਿਚ ਐਨੀਸ ਨੇ ਕਿਹਾ ਕਿ ਸਰੀ ਦੇ ਲੋਕਾਂ ਦੀ ਮੇਅਰ ਡੱਗ ਮੈਕਲਮ ਤਹਿਤ ਕੋਈ ਦਲੀਲ ਨਹੀਂ ਸੁਣੀ ਗਈ ਅਤੇ ਮੇਅਰ ਬਰੈਂਡਾ ਲੋਕ ਵੀ ਉਸੇ ਰਾਹ 'ਤੇ ਚੱਲ ਰਹੀ ਹੈ ਕਿਉਂਕਿ ਉਹੇ ਖਰਚ ਦੀ ਪਰਵਾਹ ਕੀਤੇ ਬਿਨ੍ਹਾਂ ਟਰਾਂਜ਼ੀਸ਼ਨ ਰੋਕਣ ਲਈ ਅੱਗੇ ਵਧ ਰਹੀ ਹੈ ਭਾਵੇਂ 72 ਫ਼ੀਸਦੀ ਵੋਟਰਾਂ ਜਿਨ੍ਹਾਂ ਨੇ ਅਕਤੂਬਰ ਮਹੀਨੇ ਮਿਊਂਸਪਲ ਚੋਣਾਂ ਵਿਚ ਵੋਟ ਪਾਈ ਇਸ ਕੰਮ ਲਈ ਉਸ ਨੂੰ ਵੋਟ ਨਹੀਂ ਦਿੱਤੀ।

# ਲੌਕ ਨੇ ਕੌਂਸਲ ਚੈਂਬਰ ਤੋਂ ਪਾਬੰਦੀਸ਼ੁਦਾ 7 ਸੀਨੀਅਰ ਨਾਗਰਿਕਾਂ ਤੋਂ ਮੁਆਫੀ ਮੰਗੀ



ਸਰੀ-ਮੇਅਰ ਬਰੈਂਡਾ ਲੋਕ ਨੇ ਸੋਮਵਾਰ ਦੀ ਕੌਂਸਲ ਮੀਟਿੰਗ ਦੌਰਾਨ ਸਰੀ ਦੇ 7 ਵਾਸੀਆਂ ਤੋਂ ਮੁਆਫੀ ਮੰਗੀ ਹੈ ਜਿਨ੍ਹਾਂ 'ਤੇ ਸਾਬਕਾ ਸਰੀ ਮੇਅਰ ਡੱਗ ਮੈਕਲਮ ਤਹਿਤ ਕੌਂਸਲ ਚੈਂਬਰਾਂ ਵਿਚ ਦਾਖਲ ਹੋਣ 'ਤੇ ਪਾਬੰਦੀ ਲਗਾ ਦਿੱਤੀ ਸੀ। ਲੋਕ ਨੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੂੰ ਸਰੀ ਸ਼ਹਿਰ ਦੀ ਫੈਸਲਾ ਲੈਣ ਦੀ ਪ੍ਰਕਿਰਿਆ ਵਿਚ ਹਿਸਾ ਲੈਣ ਲਈ ਆਪਣੇ ਹੱਕਾਂ ਲਈ ਖੜੇ ਹੋਣ ਬਦਲੇ ਮੁਸੀਬਤ ਸਹਿਣੀ ਪਈ ਸੀ। ਇਕ ਤਿਆਰ ਬਿਆਨ ਵਿਚ ਲੋਕ ਨੇ ਕਿਹਾ ਕਿ ਸਰੀ ਸ਼ਹਿਰ ਦੀ ਮੇਅਰ ਵਜੋਂ ਉਹ ਉਨ੍ਹਾਂ ਸੱਤਾਂ ਵਿਅਕਤੀਆਂ ਤੋਂ ਮੁਆਫੀ ਮੰਗਣੀ ਚਾਹੁੰਦੀ ਹੈ ਜਿਨ੍ਹਾਂ 'ਤੇ 13 ਸਤੰਬਰ 2021 ਨੂੰ ਕੌਂਸਲ ਵਲੋਂ ਇਕ ਮਤਾ ਪਾਸ ਕਰਕੇ ਕੌਂਸਲ ਦੀਆਂ ਮੀਟਿੰਗਾਂ ਵਿਚ ਸ਼ਾਮਿਲ ਹੋਣ 'ਤੇ ਪਾਬੰਦੀ ਲਗਾਈ ਗਈ ਸੀ।

# ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ

ਸਿੱਖਾਂ ਦੇ ਛੇਵੇਂ ਗੁਰੂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਇਕ ਸਪੁੱਤਰੀ ਬੀਬੀ ਵੀਰੋ, ਪੰਜ ਸਪੁੱਤਰ ਬਾਬਾ ਗੁਰਦਿੱਤਾ, ਸੂਰਜ ਮੱਲ, ਅਣੀ ਰਾਏ, ਅਟੱਲ ਰਾਏ ਅਤੇ ਤੇਗ ਬਹਾਦਰ ਜੀ ਸਨ। ਗੁਰੂ ਤੇਗ ਬਹਾਦਰ ਜੀ ਦਾ ਨਾਮ ਕਈ ਜਗ੍ਹਾ ਤਿਆਗਾ ਮੱਲ ਵੀ ਲਿਖਿਆ ਮਿਲਦਾ ਹੈ। ਉਨ੍ਹਾਂ ਦਾ ਜਨਮ 1 ਅਪਰੈਲ, 1621 ਵਿਚ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਦਾ ਵਿਆਹ 1633 ਵਿਚ ਮਾਤਾ ਗੁਜਰੀ ਜੀ ਨਾਲ ਹੋਇਆ। 1640 ਵਿਚ ਗੁਰੂ ਹਰਿਗੋਬਿੰਦ ਜੀ ਅਤੇ ਮਾਤਾ ਨਾਨਕੀ ਜੀ ਆਪਣੇ ਪਰਿਵਾਰ ਨਾਲ ਅੰਮ੍ਰਿਤਸਰ ਸਾਹਿਬ ਤੋਂ ਬਾਬਾ ਬਕਾਲਾ ਆ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਤੇਗ ਬਹਾਦਰ ਜੀ ਆਪਣੀ ਪਤਨੀ ਮਾਤਾ ਗੁਜਰੀ ਅਤੇ ਮਾਤਾ ਨਾਨਕੀ ਜੀ ਦੇ ਨਾਲ ਬਾਬਾ ਬਕਾਲਾ ਵਿਖੇ ਹੀ ਰਹੇ। ਉਨ੍ਹਾਂ ਨੇ ਧਰਮ ਪ੍ਰਚਾਰ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕੀਤਾ। ਗੁਰੂ ਹਰਿਗੋਬਿੰਦ ਜੀ ਤੋਂ ਬਾਅਦ ਗੁਰੂ ਹਰਿ ਰਾਇ ਜੀ ਨੇ ਸੱਤਵੇਂ ਗੁਰੂ ਵਜੋਂ ਜ਼ਿੰਮੇਵਾਰੀ ਸੰਭਾਲੀ।

ਉਨ੍ਹਾਂ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਜੀ ਅੱਠਵੇਂ ਗੁਰੂ ਵਜੋਂ ਗੁਰਗੱਦੀ ਉੱਪਰ ਬਿਰਾਜਮਾਨ ਹੋਏ। ਮਾਰਚ 1664 ਵਿਚ ਗੁਰੂ ਹਰਿਕ੍ਰਿਸ਼ਨ ਜੀ ਦੇ ਦਿੱਲੀ ਵਿਚ ਜੋਤੀ ਜੋਤਿ ਸਮਾਉਣ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਗੁਰਗੱਦੀ ਉੱਪਰ ਬੈਠੇ। ਜਦੋਂ ਆਪ ਜੀ ਗੁਰਗੱਦੀ ਦੇ ਵਾਰਸ ਬਣੇ ਤਾਂ ਉਸ ਵੇਲੇ ਦੇਸ਼ ਦੇ ਹਾਲਾਤ ਬਹੁਤ ਖ਼ਰਾਬ ਸਨ। ਮੁਗਲ ਹਾਕਮ ਔਰੰਗਜ਼ੇਬ ਆਪਣੇ ਪਿਤਾ ਨੂੰ ਕੈਦ ਕਰਕੇ ਅਤੇ ਭਰਾਵਾਂ ਨੂੰ ਕਤਲ ਕਰਨ ਤੋਂ ਬਾਅਦ ਰਾਜ ਭਾਗ 'ਤੇ ਕਾਬਜ਼ ਹੋ ਚੁੱਕਿਆ ਸੀ। ਰਾਜਭਾਗ ਸੰਭਾਲਣ ਤੋਂ ਬਾਅਦ ਆਪਣੀ ਵਿਗੜੀ ਸ਼ਾਖ ਨੂੰ ਬਚਾਉਣ ਲਈ ਉਹ ਮੁਸਲਮਾਨਾਂ ਨੂੰ ਖ਼ੁਸ਼ ਕਰਨ ਦੇ ਉਦੇਸ਼ ਨਾਲ ਹਿੰਦੂਆਂ ਉੱਪਰ ਜ਼ਿਆਦਾ ਅੱਤਿਆਚਾਰ ਕਰਨ ਦਾ ਮਨ ਬਣਾ ਚੁੱਕਾ ਸੀ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਕਸ਼ਮੀਰ ਵਿਚ ਬ੍ਰਾਹਮਣਾਂ ਦੀ ਗਿਣਤੀ ਵਧੇਰੇ ਹੈ। ਉਸ ਨੇ ਇਹ ਵੀ ਭਰਮ ਪਾਲ ਰੱਖਿਆ ਸੀ ਕਿ ਕਸ਼ਮੀਰ ਦੇ ਬ੍ਰਾਹਮਣਾਂ ਨੂੰ ਮੁਸਲਮਾਨ ਬਣਾਉਣ ਨਾਲ ਹੋਰ ਆਪਣੇ ਆਪ ਮੁਸਲਮਾਨ ਬਣ ਜਾਣਗੇ। ਉਸ ਨੇ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਾਨ ਖਾਨ ਨੂੰ ਲਿਖਤੀ ਹੁਕਮ ਭੇਜ ਕੇ ਕਸ਼ਮੀਰੀ ਬ੍ਰਾਹਮਣਾਂ ਨੂੰ ਲਾਲਚਵੱਸ ਜਾਂ ਜ਼ਬਰੀ ਮੁਸਲਮਾਨ ਬਣਾਉਣ ਦੀ ਤਾਕੀਦ ਕੀਤੀ। ਕਸ਼ਮੀਰੀ ਪੰਡਤਾਂ ਉੱਪਰ ਅੱਤਿਆਚਾਰ ਦਿਨੋਂ ਦਿਨ ਵਧਣੇ ਸ਼ੁਰੂ ਹੋ ਗਏ। ਔਰੰਗਜ਼ੇਬ ਦੇ ਅੱਤਿਆਚਾਰਾਂ ਤੋਂ ਤੰਗ ਆ ਕੇ 25 ਮਈ, 1675 ਨੂੰ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਬ੍ਰਾਹਮਣਾਂ ਨੇ ਸ੍ਰੀ ਆਨੰਦਪੁਰ ਸਾਹਿਬ ਪੁੱਜ ਕੇ ਗੁਰੂ ਤੇਗ ਬਹਾਦਰ ਜੀ ਕੋਲ ਧਰਮ ਤਬਦੀਲੀ ਨੂੰ ਰੋਕਣ ਲਈ ਪਹਿਲਕਦਮੀ ਕਰਦਿਆਂ ਅੱਗੇ ਆਉਣ ਦੀ ਅਪੀਲ ਕੀਤੀ। ਬ੍ਰਾਹਮਣਾਂ ਨੇ ਔਰੰਗਜ਼ੇਬ ਨੂੰ ਇਹ ਸੁਨੇਹਾ ਭਿਜਵਾ ਦਿੱਤਾ ਕਿ ਉਨ੍ਹਾਂ ਦਾ ਗੁਰੂ ਤੇਗ ਬਹਾਦਰ ਹੈ, ਜੇਕਰ ਉਹ ਮੁਸਲਮਾਨ ਬਣ ਜਾਣਗੇ ਤਾਂ ਅਸੀਂ ਸਾਰੇ ਵੀ ਧਰਮ ਤਬਦੀਲ ਕਰਨ ਲਈ ਸਹਿਮਤ ਹੋਵਾਂਗੇ।

ਉੱਧਰ ਗੁਰੂ ਸਾਹਿਬ ਦੇ ਸਪੁੱਤਰ ਗੋਬਿੰਦ ਰਾਏ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਇਸ ਜ਼ਬਰੀ ਧਰਮ ਤਬਦੀਲੀ ਨੂੰ ਰੋਕਣ ਲਈ ਆਪਣੇ ਪਿਤਾ ਨੂੰ ਸ਼ਹੀਦੀ ਦੇਣ ਲਈ ਕਿਹਾ। ਦੂਸਰੇ ਪਾਸੇ ਔਰੰਗਜ਼ੇਬ ਨੇ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਾਨ ਖਾਨ ਨੂੰ ਫ਼ੁਰਮਾਨ ਜਾਰੀ ਕੀਤਾ ਕਿ ਗੁਰੂ ਤੇਗ ਬਹਾਦਰ ਨੂੰ ਦਿੱਲੀ ਦਰਬਾਰ ਪੇਸ਼ ਹੋਣ ਲਈ ਕਹੇ। ਗੁਰੂ ਜੀ ਆਪਣੇ ਨੇੜਲੇ ਸਾਥੀਆਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ, ਭਾਈ ਗੁਰਦਿੱਤਾ, ਭਾਈ ਉਦੋ



ਅਤੇ ਭਾਈ ਜੈਤਾ ਜੀ ਨੂੰ ਨਾਲ ਲੈ ਕੇ ਆਨੰਦਪੁਰ ਸਾਹਿਬ ਤੋਂ ਕੀਰਤਪੁਰ, ਰੋਪੜ, ਸੈਫਾਬਾਦ, ਪਟਿਆਲਾ, ਸਮਾਣਾ, ਕੈਥਲ, ਜੀਂਦ, ਰੋਹਤਕ, ਮਥੁਰਾ ਹੁੰਦੇ ਹੋਏ ਦਿੱਲੀ ਵੱਲ ਵਧ ਰਹੇ ਸਨ। ਉੱਧਰ ਔਰੰਗਜ਼ੇਬ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਵਾਉਣ ਲਈ 500 ਮੋਹਰਾਂ ਇਨਾਮ ਵਜੋਂ ਦੇਣ ਦਾ ਐਲਾਨ ਕਰ ਦਿੱਤਾ। ਆਗਰਾ ਲਾਗਲੇ ਪਿੰਡ ਕਕਰੇਟਾ ਦੇ ਸੱਯਦ ਅਹਿਮਦ ਅਲੀ ਖਾਂ ਦੇ ਪੋਤਰੇ ਹਸਨ ਅਲੀ ਖਾਂ, ਜੋ ਬੱਕਰੀਆਂ ਚਾਰ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦਾ ਸੀ, ਨੇ ਮਨ ਹੀ ਮਨ ਸੋਚਿਆ ਕਿ ਜੇਕਰ ਗੁਰੂ ਜੀ ਮੇਰੇ ਰਾਹੀਂ ਗ੍ਰਿਫ਼ਤਾਰੀ ਦੇ ਦੇਣ ਤਾਂ ਮੈਂ 500 ਮੋਹਰਾਂ ਇਨਾਮ ਵਜੋਂ ਲੈ ਕੇ ਆਪਣੀਆਂ ਦੋਵਾਂ ਲੜਕੀਆਂ ਦਾ ਨਿਕਾਹ ਕਰ ਸਕਾਂਗਾ। ਗੁਰੂ ਜੀ ਅਕਤੂਬਰ 1675 ਨੂੰ ਆਗਰਾ ਨੇੜਲੇ ਕਸਬਾ ਸਿਕੰਦਰਾ ਦੇ ਪਿੰਡ ਕਕਰੇਟਾ ਦੇ ਬਾਦਸ਼ਾਹੀ ਬਾਗ ਜਿੱਥੇ ਹਸਨ ਅਲੀ ਬੱਕਰੀਆਂ ਚਾਰ ਰਿਹਾ ਸੀ, ਵਿਖੇ ਪਹੁੰਚੇ। ਆਪਣੀ ਗ੍ਰਿਫ਼ਤਾਰੀ ਦੇ ਉਦੇਸ਼ ਨਾਲ ਗੁਰੂ ਜੀ ਨੇ ਹਸਨ ਅਲੀ ਨੂੰ ਕੋਲ ਬੁਲਾ ਕੇ ਹੀਰੇ ਦੇ ਨਗ ਵਾਲੀ ਇਕ ਅੰਗੂਠੀ ਅਤੇ ਇਕ ਕੀਮਤੀ ਦੋਸ਼ਾਲਾ ਦੇ ਕੇ ਸ਼ਹਿਰ ਵਿਚੋਂ ਕੁਝ ਰਸਦ ਲੈਣ ਲਈ ਭੇਜਿਆ। ਬੱਕਰੀਆਂ ਚਾਰਨ ਵਾਲੇ ਚਰਵਾਹੇ ਕੋਲ ਮਹਿੰਗੀਆਂ ਵਸਤਾਂ ਦੇਖ ਕੇ ਦੁਕਾਨਦਾਰ ਨੂੰ ਉਸ ਦੇ ਚੋਰ ਹੋਣ ਦਾ ਸ਼ੱਕ ਹੋਇਆ। ਉਸ ਨੇ ਹਸਨ ਅਲੀ ਨੂੰ ਸ਼ਾਹੀ ਫ਼ੌਜ ਦੇ ਹਵਾਲੇ ਕਰ ਦਿੱਤਾ। ਉਸ ਦੀ ਨਿਸ਼ਾਨਦੇਹੀ 'ਤੇ ਜਦੋਂ ਸ਼ਾਹੀ ਫ਼ੌਜਾਂ ਬਾਗ ਵਿਚ ਪੁੱਜੀਆਂ ਤਾਂ ਉੱਥੇ ਗੁਰੂ ਤੇਗ ਬਹਾਦਰ ਜੀ ਦੀ ਸ਼ਨਾਖਤ ਹੋ ਗਈ ਅਤੇ ਗੁਰੂ ਜੀ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ। ਗੁਰੂ ਜੀ ਨੂੰ ਬਾਗ ਦੇ ਲਾਗੇ ਹੀ ਇਕ ਇਮਾਰਤ ਦੇ ਤਹਿਖਾਨੇ ਵਿਚ ਕੈਦ ਕਰ ਦਿੱਤਾ। 9 ਦਿਨ ਦੀ ਬੰਦੀ ਤੋਂ ਬਾਅਦ 12000 ਸਿਪਾਹੀਆਂ ਦੀ ਨਿਗਰਾਨੀ ਹੇਠ ਗੁਰੂ ਜੀ ਨੂੰ ਆਗਰੇ ਤੋਂ ਦਿੱਲੀ ਲਿਜਾਇਆ ਗਿਆ। ਮੁਗਲ ਬਾਦਸ਼ਾਹ ਦੇ ਹੁਕਮ 'ਤੇ ਪਹਿਲਾਂ ਕਾਜ਼ੀ ਨੇ ਫਤਵਾ ਪੜ੍ਹਿਆ, ਫਿਰ ਜਲਾਦ ਜਲਾਲੁਦੀਨ ਨੇ ਤਲਵਾਰ ਦਾ ਵਾਰ ਕਰਕੇ ਗੁਰੂ ਜੀ ਨੂੰ 11 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ। ਜਿਸ ਥਾਂ ਗੁਰੂ ਜੀ ਨੇ ਗ੍ਰਿਫ਼ਤਾਰੀ ਦਿੱਤੀ ਸੀ, ਉੱਥੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਗੁਰੂ ਕਾ ਤਾਲ ਆਗਰਾ ਦੀ ਸੁੰਦਰ ਇਮਾਰਤ ਬਣੀ ਹੋਈ ਹੈ। ਜਿਸ ਥਾਂ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਕੈਦ ਕੀਤਾ ਗਿਆ ਸੀ, ਉਸ ਇਮਾਰਤ ਨੂੰ ਇਕ ਇਤਿਹਾਸਕ ਯਾਦਗਾਰ ਵਜੋਂ ਸੰਭਾਲਿਆ ਹੋਇਆ ਹੈ। ਗੁਰਦੁਆਰਾ ਗੁਰੂ ਕਾ ਤਾਲ ਆਗਰਾ ਨੂੰ ਭਾਰਤ ਸਰਕਾਰ ਵੱਲੋਂ 22 ਦਸੰਬਰ, 1920 ਵਿਚ ਪੁਰਾਤਨ ਸਮਾਰਕ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਦੂਸਰੇ ਪਾਸੇ ਗੁਰੂ ਤੇਗ ਬਹਾਦਰ ਜੀ ਨੂੰ ਜਦੋਂ ਚਾਂਦਨੀ ਚੌਕ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦੇ ਸੀਸ ਨੂੰ ਲੈ ਕੇ ਭਾਈ ਜੈਤਾ ਜੀ ਆਨੰਦਪੁਰ ਸਾਹਿਬ ਪੁੱਜੇ। ਗੁਰੂ ਸਾਹਿਬ ਦੀ ਸ਼ਹੀਦੀ ਮੌਕੇ ਲੱਖੀ ਸ਼ਾਹ ਵਣਜਾਰੇ ਦੇ ਗੱਡੇ ਰੂੰ ਨਾਲ ਲੱਦੇ ਉੱਥੋਂ ਲੰਘ ਰਹੇ ਸਨ, ਉਸ ਨੇ ਆਪਣੇ ਸਪੁੱਤਰਾਂ ਭਾਈ ਨਗਾਹੀਆ, ਹੇਮਾਂ ਅਤੇ ਹਾੜੀ ਦੀ ਮਦਦ ਨਾਲ ਗੁਰੂ ਜੀ ਦੇ ਬਿਨਾਂ ਸੀਸ ਤੋਂ ਧੜ ਨੂੰ ਆਪਣੇ ਰੂੰ ਦੇ ਭਰੇ ਗੱਡੇ ਵਿਚ ਲੱਦ ਕੇ ਪਿੰਡ ਰਾਏਸਿਨਾਂ ਵਿਚ ਆਪਣੇ ਘਰ ਨੂੰ ਅੱਗ ਲਗਾ ਕੇ ਗੁਰੂ ਸਾਹਿਬ ਦੇ ਧੜ ਦਾ ਅੰਤਿਮ ਸੰਸਕਾਰ ਕਰ ਦਿੱਤਾ ਸੀ, ਜਿੱਥੇ ਗੁਰਦੁਆਰਾ ਰਕਾਬ ਗੰਜ ਸਾਹਿਬ ਸਥਿਤ ਹੈ। ਗੁਰੂ ਜੀ ਦੀ ਸ਼ਹੀਦੀ ਦਾ ਬਿਰਤਾਂਤ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ ਇਉਂ ਲਿਖਿਆ ਹੈ:

**ਤਿਲਕ ਜੰਞੂ ਰਾਖਾ ਪ੍ਰਭ ਤਾਕਾ ।।**
**ਕੀਨੋ ਬਡੋ ਕਲੂ ਮਹਿ ਸਾਕਾ।।**
**ਸਾਧਨ ਹੇਤਿ ਇਤੀ ਜਿਨਿ ਕਰੀ।।**
**ਸੀਸੁ ਦੀਆ ਪਰ ਸੀ ਨ ਉਚਰੀ।।**
**ਧਰਮ ਹੇਤ ਸਾਕਾ ਜਿਨਿ ਕੀਆ।।**
**ਸੀਸੁ ਦੀਆ ਪਰੁ ਸਿਰਰੁ ਨ ਦੀਆ।।**

ਗੁਰੂ ਜੀ ਦੀ ਸ਼ਹੀਦੀ ਵਾਲੇ ਅਸਥਾਨ ਨੂੰ 1783 ਵਿਚ ਉਸ ਵੇਲੇ ਪਹਿਲੀ ਵਾਰ ਲੱਭ ਕੇ ਉੱਥੇ ਯਾਦਗਾਰ ਬਣਾਈ ਗਈ, ਜਦੋਂ 11 ਮਾਰਚ 1783 ਵਿਚ ਸਿੱਖ ਜਰਨੈਲ ਜਥੇਦਾਰ ਬਘੇਲ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਹੇਠ ਪਹਿਲੀ ਵਾਰ ਸਿੱਖਾਂ ਨੇ ਦਿੱਲੀ ਫਤਹਿ ਕੀਤੀ। ਦਿੱਲੀ ਫਤਹਿ ਕਰਨ ਤੋਂ ਬਾਅਦ ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜੇ ਦਾ ਆਗਰੇ ਲਾਗੇ ਸਰਧਾਨਾਂ ਰਿਆਸਤ ਦੀ ਸ਼ਾਸਕ ਬੇਗਮ ਸਮਰੂ ਦੁਆਰਾ ਵਿਚੋਲਗੀ ਕਰਦਿਆਂ ਸਿੰਘਾਂ ਨਾਲ ਕੁਝ ਸ਼ਰਤਾਂ ਤਹਿਤ ਸਮਝੌਤਾ ਕਰਵਾ ਦਿੱਤਾ ਸੀ। ਇਸ ਸਮਝੌਤੇ ਵਿਚ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦਾ ਨਿਰਮਾਣ ਕਰਵਾਉਣਾ ਵੀ ਸ਼ਾਮਲ ਸੀ। ਹੋਰ ਇਤਿਹਾਸਕ ਗੁਰਧਾਮਾਂ ਦੀ ਨਿਸ਼ਾਨਦੇਹੀ ਤੋਂ ਬਾਅਦ ਜਦੋਂ ਸਿੱਖ ਜਰਨੈਲਾਂ ਨੇ ਚਾਂਦਨੀ ਚੌਕ ਲਾਗੇ ਸੁਨਹਿਰੀ ਮਸਜਿਦ ਕੋਲ ਸਥਿਤ ਕੋਤਵਾਲੀ ਜਿੱਥੇ ਮੁਗਲ ਹਾਕਮਾਂ ਵੱਲੋਂ ਗੁਰੂ ਸਾਹਿਬ ਨੂੰ ਕੈਦ ਕਰਕੇ ਰੱਖਿਆ ਗਿਆ ਅਤੇ ਫਿਰ ਗੁਰੂ ਸਾਹਿਬ ਦਾ ਸੀਸ ਧੜ ਨਾਲੋਂ ਅਲੱਗ ਕਰਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ, ਉਸ ਅਸਥਾਨ ਨੂੰ ਲੱਭਣ ਦੀ ਕੋਸ਼ਿਸ਼ ਕੀਤੀ।

ਇਤਿਹਾਸਕਾਰ ਗਿਆਨੀ ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ ਵਿਚ ਲਿਖਦੇ ਹਨ ਕਿ ਉਸ ਵਕਤ ਸਿੰਘਾਂ ਨੂੰ ਇਕ ਬਜ਼ੁਰਗ ਔਰਤ ਮਿਲੀ, ਜੋ ਮਾਸ਼ਕੀ ਦੀ ਪਤਨੀ ਦੱਸੀ ਜਾਂਦੀ ਸੀ। ਇੱਥੇ ਮਾਸ਼ਕੀ ਫਾਰਸੀ ਭਾਸ਼ਾ ਦਾ ਲਫਜ਼ ਹੈ। ਮਾਸ਼ਕੀ ਦਾ ਅਰਥ ਹੈ ਚਮੜੇ ਦੇ ਥੈਲੇ ਵਿਚ ਪਾਣੀ ਪਿਲਾਉਣ ਵਾਲਾ। ਸੋ, ਮਾਸ਼ਕੀ ਦੀ ਪਤਨੀ ਨੇ ਦੱਸਿਆ ਕਿ ਬੋਹੜ ਦੇ ਦਰੱਖਤ ਦੇ ਪਾਸ ਜਿੱਥੇ ਮਸਜਿਦ ਬਣੀ ਹੋਈ ਹੈ, ਉੱਥੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦੀ ਇਹ ਘਟਨਾ ਵਾਪਰੀ ਸੀ। ਉਸ ਔਰਤ ਅਨੁਸਾਰ ਮੇਰਾ ਪਤੀ ਗੁਰੂ ਜੀ ਦੀ ਸ਼ਹੀਦੀ ਵੇਲੇ ਮਸ਼ਕ ਲੈ ਕੇ ਮੌਕੇ 'ਤੇ ਮੌਜੂਦ ਸੀ। ਮਾਸ਼ਕੀ ਵਾਲੀ ਗੱਲ ਦੀ ਵੀ ਬਹੁਤੇ ਇਤਿਹਾਸਕਾਰ ਗਵਾਹੀ ਨਹੀਂ ਭਰਦੇ। ਸੋ, ਜਥੇਦਾਰ ਬਘੇਲ ਸਿੰਘ ਨੇ ਜਗ੍ਹਾ ਦੀ ਨਿਸ਼ਾਨਦੇਹੀ ਕਰਕੇ ਉਸ ਥਾਂ ਇਕ ਨਿੱਕਾ ਜਿਹਾ ਥੜ੍ਹਾ ਯਾਦਗਾਰ ਵਜੋਂ ਬਣਵਾ ਦਿੱਤਾ। ਏਨੇ ਨੂੰ ਮੁਸਲਮਾਨ ਤਲਵਾਰਾਂ ਲੈ ਕੇ ਬਾਹਰ ਨਿਕਲ ਆਏ।

ਦੂਸਰੇ ਪਾਸੇ ਸਿੰਘਾਂ ਨੇ ਵੀ ਜੈਕਾਰੇ ਛੱਡ ਕੇ ਤਲਵਾਰਾਂ ਧੂਹ ਲਈਆਂ। ਇਕ ਮਾਮੂਲੀ ਜਿਹੀ ਝੜਪ ਲੱਗਣ ਤੋਂ ਬਾਅਦ ਮੁਗਲ ਹਾਕਮ ਸ਼ਾਹ ਆਲਮ ਦੇ ਦਖਲ ਨਾਲ ਇਹ ਝਗੜਾ ਸੁਲਝਾਇਆ ਗਿਆ। ਉਸ ਥੜ੍ਹੇ ਦੇ ਦੋਹਾਂ ਪਾਸਿਆਂ ਤੋਂ ਕੁਝ ਜਗ੍ਹਾ ਛੱਡ ਦਿੱਤੀ ਗਈ। ਉਹ ਥੜ੍ਹਾ ਵੀ ਕਾਇਮ ਰੱਖਿਆ ਅਤੇ ਮਸਜਿਦ ਵੀ ਉਹਦੇ ਪਾਸ ਬਣਵਾ ਦਿੱਤੀ। ਸਿੱਖਾਂ ਨੂੰ ਖੁਸ਼ ਕਰਨ ਲਈ ਕੁਝ ਜ਼ਮੀਨ ਮੁੱਖ ਬਾਜ਼ਾਰ ਅਤੇ ਕੋਤਵਾਲੀ ਵੱਲ ਛੱਡ ਦਿੱਤੀ ਗਈ। ਇਕ ਬਾਰਾਂਦਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਲਈ ਬਣਵਾ ਦਿੱਤੀ ਗਈ। ਇਸ ਗੁਰਦੁਆਰੇ ਦਾ ਨਾਮ ਸੀਸ ਗੰਜ ਰੱਖਿਆ ਗਿਆ।

**—ਗੁਰਪ੍ਰੀਤ ਸਿੰਘ ਤਲਵੰਡੀ**



ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

**MAIN OFFICE: 505-777 W. BROADWAY, VANCOUVER**
**SURREY OFFICE: 7164, 120 ST, SURREY *(BY APPOINTMENT PLEASE)***
**Email: cedric_hughes@hughesco.com**

***AND** Service provided at Business Centres throughout the Fraser Valley and British Columbia.*
***Remote Location? No Problem. We will come to you !***

# TRANSource FREIGHTWAYS

# Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcefreightways.com

# ਸਾਵਰਕਰ ਨੇ ਅੰਗਰੇਜ਼ਾਂ ਤੋਂ ਮੁਆਫੀ ਮੰਗੀ ਸੀ-ਰਾਹੁਲ

## ਭਾਰਤ ਜੋੜੋ ਮੁਹਿੰਮ ਦੌਰਾਨ ਸਾਵਰਕਰ ਦੀ ਲਿਖੀ ਚਿੱਠੀ ਦੀ ਕਾਪੀ ਨਸ਼ਰ ਕੀਤੀ



ਮੁੰਬਈ-ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਹਿੰਦੂਤਵ ਵਿਚਾਰਧਾਰਕ ਵਿਨਾਇਕ ਦਾਮੋਦਰ ਸਾਵਰਕਰ ਨੇ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਸੀ ਅਤੇ ਉਨ੍ਹਾਂ ਤਤਕਾਲੀ ਸ਼ਾਸਕਾਂ ਨੂੰ ਮੁਆਫ਼ੀ ਦੀ ਅਰਜ਼ੀ ਵੀ ਲਿਖੀ ਸੀ। ਇਥੇ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਮੀਡੀਆ ਕਰਮੀਆਂ ਨੂੰ ਇਕ ਕਾਗਜ਼ ਦਿਖਾਇਆ ਅਤੇ ਦਾਅਵਾ ਕੀਤਾ ਕਿ ਇਹ ਸਾਵਰਕਰ ਵੱਲੋਂ ਅੰਗਰੇਜ਼ਾਂ ਨੂੰ ਲਿਖੀ ਗਈ ਅਰਜ਼ੀ ਹੈ। ਭਾਰਤ ਜੋੜੋ ਯਾਤਰਾ ਦੇ ਮਹਾਰਾਸ਼ਟਰ 'ਚ ਆਖਰੀ ਪੜਾਅ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਅਰਜ਼ੀ ਦੀ ਆਖਰੀ ਲਾਈਨ ਪੜ੍ਹ ਕੇ ਸੁਣਾਈ ਜਿਸ 'ਚ ਕਿਹਾ ਗਿਆ 'ਮੈਂ ਹਮੇਸ਼ਾ ਤੁਹਾਡਾ ਆਗਿਆਕਾਰੀ ਸੇਵਕ ਬਣ ਕੇ ਰਹਾਂਗਾ।' ਉਨ੍ਹਾਂ ਕਿਹਾ ਕਿ ਅਰਜ਼ੀ ਦੇ ਅਖੀਰ 'ਚ ਵੀ ਡੀ ਸਾਵਰਕਰ ਦੇ ਦਸਤਖ਼ਤ ਹਨ। ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਦਾਅਵਾ ਕੀਤਾ ਕਿ ਸਾਵਰਕਰ ਬਾਰੇ ਰਾਹੁਲ ਗਾਂਧੀ 'ਬੇਸ਼ਰਮੀ ਨਾਲ ਝੂਠ' ਬੋਲ ਰਹੇ ਹਨ। ਰਾਹੁਲ ਨੇ ਕਿਹਾ ਕਿ ਉਨ੍ਹਾਂ ਦੇ ਵਿਚਾਰ ਮੁਤਾਬਕ ਸਾਵਰਕਰ ਨੇ ਡਰ ਕੇ ਅੰਗਰੇਜ਼ਾਂ ਨੂੰ ਅਰਜ਼ੀ ਲਿਖੀ ਸੀ ਅਤੇ ਇੰਜ ਕਰਦਿਆਂ ਉਨ੍ਹਾਂ ਮਹਾਤਮਾ ਗਾਂਧੀ, ਸਰਦਾਰ ਪਟੇਲ, ਪੰਡਿਤ ਨਹਿਰੂ ਅਤੇ ਆਜ਼ਾਦੀ ਸੰਘਰਸ਼ ਦੇ ਹੋਰ ਆਗੂਆਂ ਨੂੰ ਧੋਖਾ ਦਿੱਤਾ ਸੀ। ਚੋਣਾਂ ਤੋਂ ਪਹਿਲਾਂ ਵਿਰੋਧੀ ਆਗੂਆਂ ਦੇ ਭਾਜਪਾ 'ਚ ਸ਼ਾਮਲ ਹੋਣ ਦੇ ਸਵਾਲ 'ਤੇ ਰਾਹੁਲ ਨੇ ਕਿਹਾ ਕਿ ਇਸ ਨਾਲ ਵਿਰੋਧੀ ਪਾਰਟੀਆਂ ਦੀ ਸਫ਼ਾਈ ਹੋਵੇਗੀ। 'ਜਿਹੜੇ ਪੈਸਿਆਂ ਖ਼ਾਤਰ ਵਿਕ ਸਕਦੇ ਹਨ, ਉਹ ਭਾਜਪਾ 'ਚ ਸ਼ਾਮਲ ਹੋ ਰਹੇ ਹਨ। ਕਈ ਸਾਫ਼-ਸੁਥਰੇ ਲੋਕ ਹਨ ਅਤੇ ਉਹ ਕਾਂਗਰਸ 'ਚ ਆਉਣਗੇ।' ਸਾਲ 2024 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਕਾਂਗਰਸ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਹੋਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਰਾਹੁਲ ਨੇ ਕਿਹਾ ਕਿ ਇਹ ਯਾਤਰਾ ਤੋਂ ਧਿਆਨ ਵੰਡਾਉਣ ਵਾਲੇ ਸਵਾਲ ਹਨ। ਉਨ੍ਹਾਂ ਕਿਹਾ ਕਿ ਯਾਤਰਾ ਦੀ ਤੁਲਨਾ ਮਹਾਤਮਾ ਗਾਂਧੀ ਦੇ ਮਾਰਚਾਂ ਨਾਲ ਕਰਨਾ ਗਲਤ ਹੈ।



# ਡੇਰਾ ਪ੍ਰੇਮੀ ਦੀ ਹੱਤਿਆ ਦੇ ਮਾਮਲੇ ਵਿਚ ਤਿੰਨ ਹੋਰ ਮੁਲਜ਼ਮ ਕਾਬੂ

ਕੋਟਕਪੂਰਾ-ਡੇਰਾ ਪ੍ਰੇਮੀ ਪ੍ਰਦੀਪ ਸਿੰਘ ਉਰਫ਼ ਰਾਜੂ ਦੀ ਹੱਤਿਆ ਦੇ ਮਾਮਲੇ 'ਚ ਪੁਲੀਸ ਨੇ ਤਿੰਨ ਹੋਰ ਮੁਲਜ਼ਮਾਂ ਮਨਪ੍ਰੀਤ ਸਿੰਘ ਉਰਫ਼ ਮਨੀ, ਭੁਪਿੰਦਰ ਸਿੰਘ ਉਰਫ਼ ਗੋਲਡੀ ਅਤੇ ਬਲਜੀਤ ਸਿੰਘ ਉਰਫ਼ ਮੰਨਾ ਨੂੰ ਕਾਬੂ ਕੀਤਾ ਹੈ। ਫ਼ਰੀਦਕੋਟ ਪੁਲੀਸ, ਸੀਆਈਏ ਜਲੰਧਰ ਅਤੇ ਹੁਸ਼ਿਆਰਪੁਰ ਪੁਲੀਸ ਦੀ ਸਾਂਝੀ ਕਾਰਵਾਈ ਦੌਰਾਨ ਇਹ ਕਾਮਯਾਬੀ ਮਿਲੀ ਹੈ। ਮਨਪ੍ਰੀਤ ਸਿੰਘ ਉਰਫ਼ ਮਨੀ ਤੇ ਭੁਪਿੰਦਰ ਸਿੰਘ ਉਰਫ਼ ਗੋਲਡੀ ਵਾਸੀ ਫ਼ਰੀਦਕੋਟ ਨੂੰ ਹੁਸ਼ਿਆਰਪੁਰ ਅਤੇ ਬਲਜੀਤ ਸਿੰਘ ਉਰਫ਼ ਮੰਨਾ ਨੂੰ ਹਰਿਆਣਾ ਤੋਂ ਹਿਰਾਸਤ ਵਿਚ ਲਿਆ ਗਿਆ ਹੈ। ਸੂਤਰਾਂ ਮੁਤਾਬਕ ਮਨਪ੍ਰੀਤ ਸਿੰਘ ਅਤੇ ਭੁਪਿੰਦਰ ਸਿੰਘ ਨੇ ਸ਼ੂਟਰਾਂ ਨੂੰ ਕੋਟਕਪੂਰਾ 'ਚ ਹਮਲਾਵਰਾਂ ਨੂੰ ਹਥਿਆਰ ਮੁਹੱਈਆ ਕਰਵਾਏ ਸਨ। ਪੰਜਾਬ ਪੁਲੀਸ ਨੇ ਇਸ ਦੀ ਪੁਸ਼ਟੀ ਆਪਣੇ ਸੋਸ਼ਲ ਮੀਡੀਆ ਖ਼ਾਤੇ 'ਤੇ ਇੱਕ ਪੋਸਟ ਪਾ ਕੇ ਕੀਤੀ ਹੈ। ਇਸ ਤੋਂ ਪਹਿਲਾਂ ਦਿੱਲੀ ਪੁਲੀਸ ਦੇ ਵਿਸ਼ੇਸ਼ ਸੈੱਲ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਵਿੱਚੋਂ ਦੋ ਨਾਬਾਲਗ ਮੁਲਜ਼ਮਾਂ ਨੂੰ ਰਿਮਾਂਡ 'ਤੇ ਫ਼ਰੀਦਕੋਟ ਲਿਆਂਦਾ ਜਾ ਚੁੱਕਿਆ ਹੈ। 10 ਨਵੰਬਰ ਨੂੰ ਸਵੇਰੇ ਕੋਟਕਪੂਰਾ ਦੇ ਹਰੀ ਨੌਂ ਰੋਡ 'ਤੇ 6 ਹਥਿਆਰਬੰਦ ਨੌਜਵਾਨਾਂ ਨੇ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਹਮਲੇ ਦੌਰਾਨ ਡੇਰਾ ਪ੍ਰੇਮੀ ਦਾ ਸੁਰੱਖਿਆ ਗਾਰਡ ਹਾਕਮ ਸਿੰਘ ਅਤੇ ਗੁਆਂਢੀ ਸਾਬਕਾ ਕੌਂਸਲਰ ਅਮਰ ਸਿੰਘ ਵਿਰਦੀ ਜ਼ਖ਼ਮੀ ਹੋ ਗਏ ਸਨ। ਪ੍ਰਦੀਪ ਸਿੰਘ ਦੀ ਅੰਤਿਮ ਅਰਦਾਸ ਮੌਕੇ ਡੇਰਾ ਪ੍ਰੇਮੀਆਂ ਨੇ ਪੁਲੀਸ ਕਾਰਵਾਈ 'ਤੇ ਸੰਤੁਸ਼ਟੀ ਜ਼ਾਹਿਰ ਕੀਤੀ ਅਤੇ ਕਿਹਾ ਕਿ ਪੁਲੀਸ ਠੀਕ ਦਿਸ਼ਾ ਵੱਲ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਹੱਤਿਆ ਕਾਂਡ ਦੇ ਸਾਜ਼ਿਸ਼ਕਾਰਾਂ ਦੇ ਨਾਂ ਸਾਹਮਣੇ ਲਿਆਉਣੇ ਚਾਹੀਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਡੇਰਾ ਪ੍ਰੇਮੀਆਂ ਨੂੰ ਬਿਨਾਂ ਕਿਸੇ ਠੋਸ ਸਬੂਤ ਦੇ ਬੇਅਦਬੀ ਵਰਗੇ ਸੰਗੀਨ ਮਾਮਲੇ ਵਿਚ ਫਸਾਇਆ ਗਿਆ ਹੈ, ਜਿਸ ਦੀ ਸਰਕਾਰ ਨਿਰਪੱਖ ਜਾਂਚ ਕਰਵਾਏ।

# ਅਮਨ ਕਨੂੰਨ ਦੇ ਮੁੱਦੇ ਉਪਰ ਪੰਜਾਬ ਨੂੰ ਬਦਨਾਮ ਕਰਨ ਦੀ ਸਾਜਿਸ਼

## ਪੰਜਾਬ ਦੀ ਹਾਲਤ ਯੂਪੀ, ਬਿਹਾਰ ਨਾਲੋਂ ਬੇਹਤਰ-ਭਗਵੰਤ ਮਾਨ



ਚੰਡੀਗੜ੍ਹ ( ਭੰਗੂ)-ਪੰਜਾਬ 'ਚ ਕਾਨੂੰਨ-ਵਿਵਸਥਾ ਦੀ ਹਾਲਤ ਦੇ ਮੁੱਦੇ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੂਬੇ ਦੀ 'ਆਪ' ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਹੋਰਨਾਂ ਸਿਆਸੀ ਧਿਰਾਂ ਨੇ ਵੀ ਇਸ ਮਾਮਲੇ 'ਤੇ ਪੰਜਾਬ ਸਰਕਾਰ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਇਸੇ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸਾਰੀਆਂ ਧਿਰਾਂ ਨੂੰ ਤਿੱਖਾ ਜਵਾਬ ਦਿੱਤਾ ਹੈ। ਉਨ੍ਹਾਂ ਪਲਟਵਾਰ ਕਰਦਿਆਂ ਕਿਹਾ ਕਿ ਪੰਜਾਬ ਵਿਚ ਯੂਪੀ ਤੇ ਬਿਹਾਰ ਨਾਲੋਂ ਘੱਟ ਅਪਰਾਧ ਹੈ ਅਤੇ ਕੁਝ ਛੋਟੀਆਂ ਘਟਨਾਵਾਂ ਹੀ ਪੰਜਾਬ ਵਿਚ ਵਾਪਰੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਇੰਟਰਵਿਊ ਵਿਚ ਕਿਹਾ ਹੈ ਕਿ ਪੰਜਾਬ ਵਿਚ 'ਆਪ' ਸਰਕਾਰ ਬਣਨ ਮਗਰੋਂ ਹਾਲਾਤ ਬਦਤਰ ਹੋਏ ਹਨ ਅਤੇ ਕਾਨੂੰਨ-ਵਿਵਸਥਾ ਨਿੱਘਰੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਪੰਜਾਬ ਵਿਚ ਹਾਲਾਤ ਵਿਗੜਨ ਨਹੀਂ ਦੇਵੇਗੀ ਤੇ ਸੂਬਾ ਸਰਕਾਰ ਤੇ ਕੇਂਦਰ ਇਸ ਬਾਰੇ ਮਿਲ ਕੇ ਕੰਮ ਕਰਨਗੇ। ਕੁਝ ਦਿਨ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਸੀ ਕਿ 'ਆਪ' ਸਰਕਾਰ ਨੇ ਆਉਂਦੇ ਚਾਰ ਸਾਲਾਂ ਵਿਚ ਪੰਜਾਬ 'ਚ ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰ ਦੇਣੇ ਹਨ ਜਿਸ ਤਰ੍ਹਾਂ ਤਾਲਿਬਾਨ ਨੇ ਅਫ਼ਗਾਨਿਸਤਾਨ ਵਿਚ ਕੀਤਾ ਹੈ। ਮੁੱਖ ਮੰਤਰੀ ਨੇ ਅੱਜ ਟਵੀਟ ਕੀਤਾ 'ਜਿਨ੍ਹਾਂ ਦੇ ਰਾਜ 'ਚ ਜੇਲ੍ਹਾਂ ਬਰੇਕ ਹੋਈਆਂ, ਧੀ ਦੀ ਇੱਜ਼ਤ ਬਚਾਉਂਦੇ ਪੁਲੀਸ ਅਫ਼ਸਰ ਨੂੰ ਬਾਜ਼ਾਰ ਵਿਚ ਗੋਲੀ ਮਾਰੀ ਗਈ, ਗੈਂਗਸਟਰ ਪੈਦਾ ਕੀਤੇ ਗਏ, ਤਸਕਰਾਂ ਦੇ ਸਮਝੌਤੇ ਕਰਾਏ ਗਏ, ਉਹ ਹੁਣ ਅਮਨ ਸ਼ਾਂਤੀ ਦਾ ਹਿਸਾਬ ਮੰਗ ਰਹੇ ਹਨ, ਜਿਵੇਂ ਤਾਲਿਬਾਨ ਮੋਮਬੱਤੀ ਮਾਰਚ ਕੱਢ ਕੇ ਸ਼ਾਂਤੀ ਦੀ ਗੱਲ ਕਰਦੇ ਹੋਣ।' ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ ਅਤੇ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਸੂਬੇ ਦੀ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸ਼ਰਾਰਤੀ ਅਨਸਰਾਂ ਕਾਰਨ ਕੁਝ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਹਨ ਪਰ ਫਿਰ ਵੀ ਪੰਜਾਬ ਵਿੱਚ 'ਆਪ' ਸਰਕਾਰ ਨੇ ਅਮਨ-ਕਾਨੂੰਨ ਦੀ ਵਿਵਸਥਾ ਬਰਕਰਾਰ ਰੱਖੀ ਹੈ। ਅੰਮ੍ਰਿਤਸਰ ਵਿਚ ਸੁਧੀਰ ਸੂਰੀ ਅਤੇ ਕੋਟਕਪੂਰਾ ਵਿਚ ਡੇਰਾ ਪੈਰੋਕਾਰ ਪ੍ਰਦੀਪ ਸਿੰਘ ਦੇ ਕਤਲ ਮਗਰੋਂ ਸੂਬੇ ਵਿਚ ਅਮਨ ਕਾਨੂੰਨ ਦੀ ਵਿਵਸਥਾ ਦਾ ਮੁੱਦਾ ਮੁੜ ਉੱਭਰ ਕੇ ਸਾਹਮਣੇ ਆਇਆ ਹੈ। ਹਾਲਾਂਕਿ ਡੀਜੀਪੀ ਗੌਰਵ ਯਾਦਵ ਵੱਲੋਂ ਮੰਗਲਵਾਰ ਸਮੁੱਚੇ ਸੂਬੇ ਵਿਚ ਤਲਾਸ਼ੀ ਮੁਹਿੰਮ ਚਲਾਈ ਗਈ ਸੀ।


SUNNYSANGHA • PERSONALREALESTATECORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**



Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MEDALLION CLUB MEMBER

Ram Johal
604-356-5555



www.sunnysangha.com | info@sunnysangha.com



# ਸਿਰਦਰਦ ਦਾ ਸਮਾਂਬੱਧ ਇਲਾਜ ਅਤੇ ਕਾਰਨ

ਸਿਰਦਰਦ ਦੇ ਅਸਲੀ ਕਾਰਨ ਬਾਰੇ ਜਾਨਣਾ ਬਹੁਤ ਜ਼ਰੂਰੀ ਹੈ। ਸਹੀ ਹੱਲ ਤੋਂ ਬਿਨਾਂ ਸਿਰਦਰਦ ਦਾ ਇਲਾਜ ਨਹੀਂ ਕੀਤਾ ਜਾ ਸਕਦਾ। ਇਸ ਲਈ ਜ਼ਰੂਰੀ ਹੈ ਕਿ ਸਬੰਧਤ ਪਹਿਲੂਆਂ ਦੀ ਜਾਂਚ ਕੀਤੀ ਜਾਵੇ। ਸਹੀ ਇਲਾਜ ਲਈ ਸਕੈਨਿੰਗ ਅਤੇ ਪ੍ਰਯੋਗਸ਼ਾਲਾ ਜਾਂਚ ਆਦਿ ਨਵੀਆਂ ਤਕਨੀਕਾਂ ਜ਼ਰੀਏ ਸਿਰਦਰਦ ਦੇ ਕਾਰਨ ਲੱਭਣੇ ਜ਼ਰੂਰੀ ਹਨ।

ਇਹ ਇਕ ਨਿਊਰੋਲੋਜੀਕਲ ਸਥਿਤੀ ਹੈ, ਜਿਸ 'ਚ ਮਰੀਜ਼ ਨੂੰ ਇਸ ਦੇ ਕਾਰਨਾਂ ਦਾ ਗਿਆਨ ਨਹੀਂ ਹੁੰਦਾ। ਇਸ ਨਾਲ ਸਿਰ ਜਾਂ ਚਿਹਰੇ ਦੇ ਨੇੜੇ-ਤੇੜੇ ਦਰਦ ਜਾਂ ਲਗਾਤਾਰ ਦਰਦ ਦੀ ਸ਼ਿਕਾਇਤ ਹੁੰਦੀ ਹੈ। ਸਿਰਦਰਦ ਨਿਊਰੋਲੋਜੀਕਲ ਸਮੱਸਿਆ ਹੈ, ਜੋ ਜ਼ਿਆਦਾਤਰ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਮਨੁੱਖੀ ਜ਼ਿੰਦਗੀ 'ਚ ਵੱਖ-ਵੱਖ ਤਰ੍ਹਾਂ ਦੇ ਸਿਰਦਰਦ ਦਾ ਵਰਣਨ ਮਿਲਦਾ ਹੈ ਪਰ ਸਭ ਤੋਂ ਆਮ ਮਾਈਗ੍ਰੇਨ ਤੇ ਤਣਾਅ ਆਦਿ ਨਾਲ ਸਬੰਧਿਤ ਸਿਰਦਰਦ ਹੈ। ਇਹ ਦਰਦ ਆਮ ਹੈ, ਹਾਲਾਂਕਿ ਇਨ੍ਹਾਂ ਨਾਲ ਜੀਵਨ ਨੂੰ ਖ਼ਤਰਾ ਨਹੀਂ ਹੈ ਪਰ ਸਿਰਦਰਦ ਰੋਜ਼ਾਨਾ ਜੀਵਨ ਦੀਆਂ ਗਤੀਵਿਧੀਆਂ ਨੂੰ ਜ਼ਬਰਦਸਤ ਰੂਪ ਨਾਲ ਪ੍ਰਭਾਵਿਤ ਕਰਦਾ ਹੈ।

### ਕੀ ਹੈ ਸਿਰਦਰਦ ?

ਇਹ ਇਕ ਨਿਊਰੋਲੋਜੀਕਲ ਸਥਿਤੀ ਹੈ, ਜਿਸ 'ਚ ਮਰੀਜ਼ ਨੂੰ ਇਸ ਦੇ ਕਾਰਨਾਂ ਦਾ ਗਿਆਨ ਨਹੀਂ ਹੁੰਦਾ। ਇਸ ਨਾਲ ਸਿਰ ਜਾਂ ਚਿਹਰੇ ਦੇ ਨੇੜੇ-ਤੇੜੇ ਦਰਦ ਜਾਂ ਲਗਾਤਾਰ ਦਰਦ ਦੀ ਸ਼ਿਕਾਇਤ ਹੁੰਦੀ ਹੈ। ਦੁਨੀਆ ਦੀ ਲਗਪਗ ਅੱਧੀ ਆਬਾਦੀ ਕਿਸੇ ਨਾ ਕਿਸੇ ਤਰ੍ਹਾਂ ਦੇ ਸਿਰਦਰਦ ਤੋਂ ਪੀੜਤ ਹੈ।

### ਸਿਰਦਰਦ ਦੀਆਂ ਕਿਸਮਾਂ

ਸਿਰਦਰਦ ਸਬੰਧੀ ਵਿਕਾਰਾਂ ਦੇ ਮੂਲ ਵਰਗੀਕਰਨ ਦਾ ਮਸੌਦਾ ਇੰਟਰਨੈਸ਼ਨਲ ਹੈੱਡਏਕ ਸੁਸਾਇਟੀ (ਆਈਐੱਚਐੱਸ) ਵੱਲੋਂ ਤਿਆਰ ਕੀਤਾ ਗਿਆ ਹੈ। ਸਿਰਦਰਦ ਰੋਗਾਂ ਦਾ ਹਾਲੀਆ ਅੰਤਰਰਾਸ਼ਟਰੀ ਵਰਗੀਕਰਨ ਇਸ ਤਰ੍ਹਾਂ ਹੈ, '3-ਬੀਟਾ' ਨੇ 3 ਵਿਆਪਕ ਗਰੁੱਪਾਂ ਵਿਚ ਸਿਰਦਰਦ ਦੇ ਵਿਕਾਰਾਂ ਨੂੰ ਵੰਡਿਆ ਹੈ - ਸ਼ੁਰੂਆਤੀ ਸਿਰਦਰਦ, ਸੈਕੰਡਰੀ ਸਿਰਦਰਦ, ਦਰਦਨਾਕ ਕ੍ਰੇਨੀਅਲ ਨਿਊਰੋਪੈਥੀ, ਚਿਹਰੇ ਦਾ ਦਰਦ ਅਤੇ ਹੋਰ ਸਿਰਦਰਦ।

### ਇਲਾਜ ਦੀ ਜ਼ਰੂਰਤ

- ਜਦੋਂ ਸਭ ਤੋਂ ਤੇਜ਼ ਸਿਰਦਰਦ ਹੋਵੇ।
- ਕੁਝ ਵੀ ਨਜ਼ਰ ਨਾ ਆਉਣ ਦੇ ਨਾਲ-ਨਾਲ ਸਿਰਦਰਦ ਰਹੇ, ਸਿਰਦਰਦ ਦੇ ਨਾਲ-ਨਾਲ ਉਲਟੀਆਂ ਆਉਣਾ, ਵੇਖਦੇ ਸਮੇਂ ਝਾਉਲਾ ਨਜ਼ਰ ਆਉਣਾ, ਅੰਗਾਂ ਦੀ ਕਮਜ਼ੋਰੀ ਮਹਿਸੂਸ ਹੋਣਾ ਜਾਂ ਹੋਸ਼ ਵਿਚ ਨਾ ਰਹਿਣ, ਬੁਖ਼ਾਰ ਅਤੇ ਗਰਦਨ 'ਚ ਦਰਦ ਦੇ ਨਾਲ ਤੇਜ਼ ਸਿਰਦਰਦ।
- 72 ਘੰਟੇ ਤੋਂ ਜ਼ਿਆਦਾ ਸਮੇਂ ਤਕ ਰਹਿਣ ਵਾਲਾ ਸਿਰਦਰਦ ਹੋਵੇ ਤਾਂ ਅਜਿਹੀ ਹਲਾਤ 'ਚ ਤੁਰੰਤ ਡਾਕਟਰ ਦੀ ਮਦਦ ਲਵੋ। ਅਜਿਹੇ ਲੱਛਣਾਂ ਵਾਲਾ ਸਿਰਦਰਦ ਜਾਂ ਮਾਈਗ੍ਰੇਨ ਤੁਹਾਡੇ ਲਈ ਅਸਧਾਰਨ ਜਾਂ ਖ਼ਤਰਨਾਕ ਹੈ।

### ਕਾਰਨਾਂ ਬਾਰੇ ਜਾਨਣਾ ਜ਼ਰੂਰੀ

ਸਿਰਦਰਦ ਦੇ ਅਸਲੀ ਕਾਰਨ ਬਾਰੇ ਜਾਨਣਾ ਬਹੁਤ ਜ਼ਰੂਰੀ ਹੈ। ਸਹੀ ਹੱਲ ਤੋਂ ਬਿਨਾਂ ਸਿਰਦਰਦ ਦਾ ਇਲਾਜ ਨਹੀਂ ਕੀਤਾ ਜਾ ਸਕਦਾ। ਇਸ ਲਈ ਜ਼ਰੂਰੀ ਹੈ ਕਿ ਸਬੰਧਤ ਪਹਿਲੂਆਂ ਦੀ ਜਾਂਚ ਕੀਤੀ ਜਾਵੇ। ਸਹੀ ਇਲਾਜ ਲਈ ਸਕੈਨਿੰਗ ਅਤੇ ਪ੍ਰਯੋਗਸ਼ਾਲਾ ਜਾਂਚ ਆਦਿ ਨਵੀਆਂ ਤਕਨੀਕਾਂ ਜ਼ਰੀਏ ਸਿਰਦਰਦ ਦੇ ਕਾਰਨ ਲੱਭਣੇ ਜ਼ਰੂਰੀ ਹਨ।

### ਸਿਰਦਰਦ ਪ੍ਰਬੰਧਨ ਤਕਨੀਕ

ਸਿਰਦਰਦ ਦੇ ਮਰੀਜ਼ਾਂ ਦੇ ਪ੍ਰਬੰਧਨ 'ਚ ਸਿਰਦਰਦ ਤੇ ਮਰੀਜ਼ ਦੀ ਸਹੀ ਪਰਖ ਜ਼ਰੂਰੀ ਹੈ। ਕੁਝ ਤਰ੍ਹਾਂ ਦੇ ਸਿਰਦਰਦ ਨੂੰ ਘੱਟ ਕਰਨ ਲਈ ਜੀਵਨਸ਼ੈਲੀ 'ਚ ਤਬਦੀਲੀ ਤੇ ਤਣਾਅ ਨੂੰ ਘੱਟ ਕਰਨ ਦੇ ਯਤਨ ਕੀਤੇ ਜਾਣੇ ਮਹੱਤਵਪੂਰਨ ਹਨ। ਸਿਰਦਰਦ ਦੇ ਕਾਰਨ ਦੀ ਪੁਸ਼ਟੀ ਹੋ ਜਾਣ ਤੋਂ ਬਾਅਦ ਹੀ ਇਸ ਦਾ ਸਹੀ ਇਲਾਜ ਸ਼ੁਰੂ ਕੀਤਾ ਜਾ ਸਕਦਾ ਹੈ। ਸਿਰਦਰਦ ਤੋਂ ਬਚਣ ਲਈ ਦਰਦ ਰੋਕੂ ਦਵਾਈਆਂ ਦੀ ਵਰਤੋਂ ਨੂੰ ਸੀਮਤ ਕਰਨਾ ਚਾਹੀਦਾ ਹੈ। ਦਵਾਈਆਂ ਦੇ ਇਲਾਜ ਤੋਂ ਇਲਾਵਾ ਬੋਟੂਲਿਨਮ ਟੌਕਸਿਨ ਇੰਟਰਾ-ਮਸਕੁਲਰ ਇੰਜੈਕਸ਼ਨ ਅਤੇ ਗ੍ਰੇਟ ਔਸੀਸੀਪਿਟਲ ਨਰਵ ਬਲਾਕ ਵੀ ਸਿਰਦਰਦ ਦੇ ਪੁਰਾਣੇ ਮਰੀਜ਼ਾਂ ਲਈ ਇਕ ਚੰਗਾ ਬਦਲ ਹੈ, ਜੋ ਓਪੀਡੀ ਦੇ ਆਧਾਰ 'ਤੇ ਦਿੱਤਾ ਜਾ ਸਕਦਾ ਹੈ। ਸ਼ੁਰੂ 'ਚ ਇਹ ਦਰਦ ਅਚਾਨਕ ਹੁੰਦਾ ਹੈ ਤੇ ਉਨ੍ਹਾਂ ਲੋਕਾਂ 'ਚ ਜ਼ਾਹਿਰ ਹੁੰਦਾ ਹੈ, ਜੋ ਇਸ ਤੋਂ ਪੀੜਤ ਨਹੀਂ ਹਨ ਪਰ ਜਦੋਂ ਇਹ ਪੂਰੀ ਤਰ੍ਹਾਂ ਵਿਕਸਿਤ ਹੋ ਜਾਂਦਾ ਹੈ ਤਾਂ ਪੀੜਤ ਵਿਅਕਤੀ 'ਤੇ ਇਸ ਦਾ ਕਹਿਰ ਟੁੱਟਦਾ ਹੈ। ਸਿਰਦਰਦ ਦੇ ਇਲਾਜ ਲਈ ਜੀਵਨਸ਼ੈਲੀ 'ਚ ਤਬਦੀਲੀ ਨਾਲ ਮਾਹਿਰਾਂ ਨਾਲ ਸਲਾਹ ਤੇ ਇਲਾਜ ਬੇਹੱਦ ਮਹੱਤਵਪੂਰਨ ਹੈ।

**—ਡਾ: ਅਮਿਤ ਸ਼ੰਕਰ ਸਿੰਘ**

# ਬਹੁਤ ਜ਼ਰੂਰੀ ਹੈ ਦੁਪਹਿਰ ਦਾ ਭੋਜਨ


ਕਈ ਲੋਕ ਇਹ ਸੋਚਦੇ ਹਨ ਕਿ ਸਾਨੂੰ ਵਜ਼ਨ ਘੱਟ ਕਰਨ ਲਈ ਅਤੇ ਕੰਮ ਸਮੇਂ ਚੁਸਤ ਤੇ ਫੁਰਤੀਲਾ ਰਹਿਣ ਲਈ ਦੁਪਹਿਰ ਦਾ ਖਾਣਾ ਨਹੀਂ ਖਾਣਾ ਚਾਹੀਦਾ ਪਰ ਇਸ ਤਰ੍ਹਾਂ ਕਰਨਾ ਗ਼ਲਤ ਹੈ। ਇਹ ਬਿਲਕੁਲ ਸਹੀ ਹੈ ਕਿ ਤੁਹਾਡਾ ਸਵੇਰ ਦਾ ਨਾਸ਼ਤਾ ਠੀਕ ਅਤੇ ਪੌਸ਼ਟਿਕ ਹੋਣਾ ਚਾਹੀਦਾ ਹੈ। ਇਸ ਨਾਲ ਦਿਨ ਦੀ ਸ਼ੁਰੂਆਤ ਚੰਗੀ ਹੁੰਦੀ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਤੁਸੀਂ ਇਸ ਤੋਂ ਬਾਅਦ ਸਿਰਫ਼ ਰਾਤ ਦਾ ਭੋਜਨ ਲਓ ਅਤੇ ਦੁਪਹਿਰ ਨੂੰ ਕੁਝ ਨਾ ਖਾਓ। ਇਸ ਤਰ੍ਹਾਂ ਕਰਕੇ ਤੁਸੀਂ ਆਪਣੇ-ਆਪ ਨੂੰ ਨੁਕਸਾਨ ਪਹੁੰਚਾ ਰਹੇ ਹੋ। ਨਾਸ਼ਤਾ ਲੈਣ ਤੋਂ ਡੇਢ ਦੋ ਘੰਟੇ ਬਾਅਦ ਤੁਹਾਡੇ ਖ਼ੂਨ ਵਿਚ ਸ਼ੂਗਰ ਦਾ ਪੱਧਰ ਹੇਠਾਂ ਆ ਜਾਂਦਾ ਹੈ ਅਤੇ ਤੁਹਾਨੂੰ ਭੁੱਖ ਲੱਗਣੀ ਸ਼ੁਰੂ ਹੋ ਜਾਂਦੀ ਹੈ। ਇਸ ਲਈ ਥੋੜ੍ਹੀ ਦੇਰ ਤਕ, ਜਦੋਂ ਦੁਪਹਿਰ ਦੇ ਭੋਜਨ ਦਾ ਸਮਾਂ ਆਉਂਦਾ ਹੈ, ਤੁਸੀਂ ਜੇਕਰ ਕੁਝ ਨਹੀਂ ਖਾਂਦੇ ਤਾਂ ਤੁਹਾਡੀ ਹਾਜ਼ਮੇ ਦੀ ਦਰ ਵੀ ਘੱਟ ਹੋ ਜਾਂਦੀ ਹੈ



ਅਤੇ ਤੁਸੀਂ ਕਮਜ਼ੋਰੀ ਮਹਿਸੂਸ ਕਰਨ ਲਗਦੇ ਹੋ। ਇਸ ਹਾਲਤ ਵਿਚ ਸ਼ਾਮ ਤੱਕ ਤੁਹਾਨੂੰ ਬਹੁਤ ਭੁੱਖ ਲਗਦੀ ਹੈ ਅਤੇ ਨਤੀਜਾ ਇਹ ਹੁੰਦਾ ਹੈ ਕਿ ਤੁਸੀਂ ਰਾਤ ਦੇ ਭੋਜਨ 'ਤੇ ਟੁੱਟ ਪੈਂਦੇ ਹੋ ਅਤੇ ਬੇਹਿਸਾਬ ਖਾਣਾ ਖਾ ਲੈਂਦੇ ਹੋ। ਆਮ ਤੌਰ 'ਤੇ ਇਹ ਵੀ ਦੇਖਿਆ ਗਿਆ ਹੈ ਕਿ ਇਸ ਤਰ੍ਹਾਂ ਤੁਸੀਂ ਖਾਣਾ ਖਾਣ ਦੇ ਕੁਝ ਹੀ ਦੇਰ ਬਾਅਦ ਸੌਂ ਜਾਂਦੇ ਹੋ। ਇਸ ਦਾ ਕੀ ਅਸਰ ਹੁੰਦਾ ਹੈ ? ਇਹ ਤੁਹਾਡੇ ਸਰੀਰ ਲਈ ਹਾਨੀਕਾਰਕ ਹੈ ਕਿਉਂਕਿ ਰਾਤ ਨੂੰ ਸੌਂਦੇ ਸਮੇਂ ਤੁਹਾਡੀਆਂ ਸਾਰੀਆਂ ਕੈਲੋਰੀਜ਼ ਰਾਤ ਮੋਟਾਪੇ ਵਿਚ ਬਦਲ ਜਾਂਦੀਆਂ ਹਨ। ਸੌਂਦੇ ਸਮੇਂ ਸਰੀਰ ਕੈਲੋਰੀ ਦੀ ਕੋਈ ਵਰਤੋਂ ਨਹੀਂ ਕਰਦਾ ਅਤੇ ਤੁਹਾਡਾ ਵਜ਼ਨ ਦੁਪਹਿਰ ਨੂੰ ਨਾ ਖਾਣੇ ਦੇ ਬਾਵਜੂਦ ਵਧ ਜਾਂਦਾ ਹੈ। ਇਸ ਹਾਲਤ ਵਿਚ ਇਲਾਜ ਇਕ ਹੀ ਹੈ ਕਿ ਦੁਪਹਿਰ ਨੂੰ ਤੁਹਾਨੂੰ ਜ਼ਰੂਰ ਕੁਝ ਖਾ ਲੈਣਾ ਚਾਹੀਦਾ ਹੈ, ਚਾਹੇ ਹਲਕਾ ਖਾਣਾ ਹੀ ਕਿਉਂ ਨਾ ਖਾਓ। ਤੁਸੀਂ ਸਬਜ਼ੀ, ਰੋਟੀ, ਚੌਲ ਆਦਿ ਨਾ ਖਾਓ ਪਰ ਤੁਸੀਂ ਇਸ ਦੇ ਬਦਲੇ ਵਿਚ ਦਹੀਂ, ਸੈਂਡਵਿਚ ਜਾਂ ਫਲ ਆਦਿ ਖਾ ਸਕਦੇ ਹੋ ਜਾਂ ਫਿਰ ਤੁਸੀਂ ਫਲ ਹੀ ਖਾਓ ਜਾਂ ਹਲਕਾ ਪੋਹਾ, ਉਪਮਾ ਜਾਂ ਇਡਲੀ ਖਾ ਸਕਦੇ ਹੋ। ਜੇਕਰ ਤੁਸੀਂ ਇਸ ਹਿਸਾਬ ਨਾਲ ਆਪਣੀਆਂ ਆਦਤਾਂ ਬਦਲੋਗੇ ਤਾਂ ਤੁਸੀਂ ਰਾਤ ਨੂੰ ਭੋਜਨ ਵੀ ਹਿਸਾਬ ਨਾਲ ਖਾਓਗੇ। ਦਿਨ ਵਿਚ ਜੋ ਵੀ ਤੁਸੀਂ ਖਾਧਾ ਹੈ, ਉਹ ਹਜ਼ਮ ਵੀ ਹੋ ਜਾਂਦਾ ਹੈ ਅਤੇ ਮੋਟਾਪਾ ਵੀ ਨਹੀਂ ਆਉਂਦਾ ਕਿਉਂਕਿ ਤੁਸੀਂ ਦਿਨ ਵਿਚ ਕੰਮ ਕਰਦੇ ਸਮੇਂ ਇਨ੍ਹਾਂ ਕੈਲੋਰੀਜ਼ ਦੀ ਸਹੀ ਵਰਤੋਂ ਕਰ ਸਕਦੇ ਹੋ। ਇਕ ਹੋਰ ਗੱਲ ਦਾ ਧਿਆਨ ਰੱਖੋ ਕਿ ਰਾਤ ਨੂੰ ਖਾਣਾ ਖਾ ਕੇ ਕੁਝ ਸੈਰ ਕਰੋ ਜਾਂ ਘਰ ਵਿਚ ਹੀ ਤੁਰਦੇ-ਫਿਰਦੇ ਰਹੋ। ਬਸ ਖਾਣਾ ਖਾ ਕੇ, ਲੰਮੇ ਪੈ ਕੇ ਟੀ.ਵੀ. ਦੇਖ ਕੇ ਨਾ ਸੌਂਵੋ। ਰਾਤ ਦੇ ਭੋਜਨ ਤੋਂ ਬਾਅਦ ਟਹਿਲਣਾ ਜਾਂ ਥੋੜ੍ਹਾ ਜਿਹਾ ਕੰਮਕਾਰ ਕਰਕੇ ਸੌਣਾ ਫਾਇਦੇਮੰਦ ਰਹੇਗਾ।

# ਆਪਣੀ ਜ਼ਿੰਮੇਵਾਰੀ ਆਪ ਚੁੱਕੋ

ਸਾਡੀ ਮਨੁੱਖਾਂ ਦੀ ਆਦਤ ਹੈ ਕਿ ਅਸੀਂ ਜਿਆਦਾਤਰ ਆਪਣੇ ਅਣਸੁਖਾਵੇਂ ਹਲਾਤਾਂ ਦੇ ਜਿੰਮੇਵਾਰ ਦੂਸਰਿਆਂ ਨੂੰ ਠਹਿਰਾਉਂਦੇ ਹਾਂ। ਜੇਕਰ ਕੋਈ ਨਿਰਾਸ਼ ਹੁੰਦਾ ਹੈ ਤਾਂ ਜਿਆਦਾਤਰ ਕੋਸ਼ਿਸ਼ ਇਹ ਹੁੰਦੀ ਹੈ ਕਿ ਇਸਦਾ ਸਿਹਰਾ ਕਿਸ ਸਿਰ ਬੰਨਿਆ ਜਾਵੇ ਤਾਂ ਜੋ ਨਿਰਾਸ਼ਤਾ ਦੇ ਕਾਰਨ ਜੋ ਬਚੈਨੀ ਜਾਂ ਕਰੋਧ ਆ ਰਿਹਾ ਹੈ ਉਹ ਕਿਸੇ ਦੂਸਰੇ ਉੱਪਰ ਕੱਢ ਸਕੀਏ । ਇਸ ਗੱਲ ਨੂੰ ਅਸੀਂ ਦੁਰਕਾਰ ਨਹੀਂ ਸਕਦੇ । ਅੱਜ ਦੀ ਭੱਜਦੌੜ ਵਾਲੀ ਜਿੰਦਗੀ ਵਿੱਚ ਇਹ ਹਰ ਘਰ ਦੀ ਕਹਾਣੀ ਬਣੀ ਹੋਈ ਹੈ। ਅਸੀਂ ਲੋਕ ਹਮੇਸ਼ਾ ਦੂਸਰਿਆਂ ਦੇ ਕੰਨੀ ਝਾਕਦੇ ਰਹਿੰਦੇ ਹਾਂ। ਆਪਣੇ ਹੱਥੀ ਕੁਝ ਕਰਨਾ ਸਾਨੂੰ ਬਹੁਤ ਭਾਰੀ ਲੱਗਦਾ ਹੈ। ਘਰੇਲੂ ਕੰਮਾਂ ਤੋਂ ਲੈਕੇ ਸਾਡੇ ਜੀਵਨ ਨੂੰ ਲੀਹ ਤੇ ਲਿਆਉਣ ਤੱਕ ਦੇ ਫੈਂਸਲਿਆਂ ਤੱਕ ਅਸੀਂ ਲੋਕਾਂ ਉੱਪਰ ਨਿਰਭਰ ਰਹਿੰਦੇ ਹਾਂ। ਦੂਸਰਿਆਂ ਉੱਪਰ ਨਿਰਭਰ ਹੋਣ ਜਾਂ ਹਮੇਸ਼ਾ ਰਿੱਜੀ ਖੀਰ ਭਾਲਣ ਵਾਲਿਆਂ ਦੇ ਸਾਹਮਣੇ ਦੋ ਸਥਿਤੀਆਂ ਹਮੇਸ਼ਾ ਆਉਂਦੀਆਂ ਹਨ। ਇਸ ਵਿੱਚੋਂ ਪਹਿਲੀ ਸਥਿਤੀ ਇਹ ਹੁੰਦੀ ਹੈ ਕਿ ਪਹਿਲਾਂ ਤਾਂ ਅਸੀਂ ਆਪਣੇ ਜੀਵਨ ਦੀ ਜਿੰਮੇਵਾਰੀ ਆਪ ਚੁੱਕਦੇ ਹੀ ਨਹੀਂ ਹਾਂ, ਬੱਚੇ ਜਿਆਦਾਤਰ ਮਾਪਿਆਂ ਉੱਪਰ ਹੀ ਨਿਰਭਰ ਹੋਏ ਰਹਿੰਦੇ ਹਨ, ਜੇਕਰ ਮਾਪਿਆਂ ਨੇ ਬੱਚਿਆਂ ਨੂੰ ਪੜ੍ਹਾ ਲਿਖਾ ਦਿੱਤਾ ਹੈ ਤਾਂ ਹੁਣ ਬੱਚਿਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣਾ ਰੁਜ਼ਗਾਰ ਆਪ ਲੱਭਣ। ਖੁਦ ਹਿੰਮਤ ਕਰਨ ਤੇ ਨੌਕਰੀਆਂ ਲੱਭਣ। ਆਪਣੇ ਆਪ ਦੀ ਜਿੰਮੇਵਾਰੀ ਚੁੱਕਦੇ ਹੋਏ ਮਾਪਿਆਂ ਦੇ ਹੱਥਾਂ ਵੱਲ ਨਾ ਵੇਖਣ ਬਲਕਿ ਮਾਪਿਆਂ ਨੂੰ ਕਮਾ ਕੇ ਦੇਣ। ਪਰ ਬਹੁਤ ਸਾਰੇ ਨੌਜਵਾਨ ਅਜਿਹੇ ਹੁੰਦੇ ਹਨ ਜੋ ਪੜਾਈ ਲਿਖਾਈ ਕਰਨ ਉਪਰੰਤ ਵੀ ਮਾਪਿਆਂ ਕੋਲੋਂ ਆਸ ਰੱਖਦੇ ਹਨ ਕਿ ਹੁਣ ਨੌਕਰੀ ਜਾਂ ਕਾਰੋਬਾਰ ਵੀ ਉਹੀ? ਸ਼ੁਰੂ ਕਰ ਕੇ ਦੇਣ। ਜੋ ਕਿ ਬਿਲਕੁਲ ਗਲਤ ਅਤੇ ਗੈਰ ਜਿੰਮੇਵਾਰੀ ਵਾਲੀ ਹਰਕਤ ਹੈ। ਇਸ ਤੋਂ ਇਲਾਵਾ ਦੂਸਰੀ ਸਥਿਤੀ ਇਹ ਹੁੰਦੀ ਹੈ ਕਿ ਕੁਝ ਮਾਪੇ ਆਪਣੇ ਬੱਚਿਆਂ ਨੂੰ ਜਿੰਮੇਵਾਰੀ ਚੁੱਕਣ ਹੀ ਨਹੀਂ ਦਿੰਦੇ, ਉਹਨਾਂ ਦੇ ਹਰ ਫੈਸਲੇ ਨੂੰ ਨਿਕਾਰ ਦਿੱਤਾ ਜਾਂਦਾ ਹੈ । ਬੱਚਿਆਂ ਦੀ ਪੜਾਈ ਲਿਖਾਈ ਤੋਂ ਲੈਕੇ ਨੌਕਰੀ ਤੱਕ ਮਾਪੇ ਏਨੀ ਜਿਆਦਾ ਸਖਤਾਈ ਰੱਖਦੇ ਹਨ ਕਿ ਬੱਚਿਆਂ ਉਪਰ ਕਈ ਅਜਿਹੇ ਫੈਸਲੇ ਥੋਪ ਦਿੱਤੇ ਜਾਂਦੇ ਹਨ , ਜਿਸ ਵਿੱਚ ਉਹ ਕਦੇ ਵੀ ਖੁਸ਼ ਨਹੀਂ ਹੁੰਦੇ। ਅਜਿਹੀਆਂ ਹਾਲਤਾਂ ਵਿੱਚ ਨਿਰਾਸ਼ਤਾ ਦੇ ਆਲਮ ਲੋਕਾਂ ਦੀਆਂ ਜ਼ਿੰਦਗੀਆਂ ਤੇ ਆ ਚੜਦੇ ਹਨ ਤੇ ਫਿਰ ਸ਼ੁਰੂ ਹੁੰਦਾ ਹੈ ਇੱਕ ਦੂਸਰੇ ਉੱਪਰ ਇਲਜ਼ਾਮ ਲਾਉਣ ਦਾ ਸਿਲਸਿਲਾ, ਜਿਸ ਦਾ ਅੰਤ ਕਲੇਸ਼ ਦੇ ਰੂਪ ਵਿੱਚ ਹੁੰਦਾ ਹੈ।



ਹੁਣ ਇਹਨਾਂ ਦੋਨਾਂ ਸਥਿਤੀਆਂ ਨੂੰ ਜਾਨਣ ਉਪਰੰਤ ਹੁਣ ਦੋ ਚੀਜ਼ਾਂ ਸਾਹਮਣੇ ਆਉਦੀਆਂ ਹਨ , ਇੱਕ ਤਾਂ ਇਹ ਕਿ ਕੁਝ ਬੱਚੇ (ਨੌਜਵਾਨ) ਸਾਰੀ ਉਮਰ ਆਪਣੀ ਜਿੰਮੇਵਾਰੀ ਚੁੱਕਣਾ ਹੀ ਨਹੀਂ ਚਾਉਂਦੇ। ਉਹ ਹਮੇਸ਼ਾ ਚਾਹੰਦੇ ਹਨ ਕਿ ਉਹਨਾਂ ਦੇ ਮਾਪੇ ਹੀ ਉਹਨਾਂ ਦੇ ਸਾਰੇ ਕੰਮ ਕਰਨ ਤੇ ਇੱਕ ਅਜਿਹੇ ਮਾਪੇ ਜੋ ਆਪਣੇ ਬੱਚਿਆਂ ਨੂੰ ਕੋਈ ਜਿੰਮੇਵਾਰੀ ਦੇਣਾ ਹੀ ਨਹੀਂ ਚਾਹੁੰਦੇ ਅਤੇ ਸਾਰੀ ਉਮਰ ਆਪਣੇ ਫੈਂਸਲਿਆਂ ਉੱਤੇ ਹੀ ਨਿਰਭਰ ਰੱਖਣਾ ਚਾਹੁੰਦੇ ਹਨ। ਇਹਨਾਂ ਦਾ ਸਿੱਟਾ ਇਹ ਨਿਕਲਦਾ ਹੈ ਕਿ ਦੋਨਾਂ ਹੀ ਸਥਿਤੀਆਂ ਵਿੱਚ ਇੱਕ ਚੰਗੀ ਸ਼ਖਸੀਅਤ ਦਾ ਨਿਰਮਾਣ ਨਹੀਂ ਹੋ ਸਕਦਾ। ਇੱਕ ਚੰਗੀ ਸ਼ਖਸੀਅਤ ਤਾਂ ਹੀ ਸਿਰਜੀ ਜਾਂ ਸਕਦੀ ਹੈ ਜੇਕਰ ਹਰ ਕੋਈ ਆਪਣੀ ਜਿੰਮੇਵਾਰੀ ਆਪ ਚੁੱਕੇ। ਸਾਨੂੰ ਆਪਣੀ ਜਿੰਦਗੀ ਦੇ ਹਰ ਫੈਸਲਾ ਆਪ ਲੈਣਾ ਚਾਹੀਦਾ ਹੈ ਹਾਂ ਇਹ ਜਰੂਰ ਕਿ ਉਸ ਵਿੱਚ ਤੁਸੀਂ ਆਪਣੇ ਮਾਪਿਆਂ ਅਤੇ ਹੋਰ ਤਜ਼ਰਬੇਕਾਰ ਲੋਕਾਂ ਦੀ ਸਲਾਹ ਜਰੂਰ ਲੈ ਸਕਦੇ ਹੋ ਪਰ ਤੁਹਾਡੀ ਜਿੰਦਗੀ ਦੇ ਫ਼ੈਸਲੇ ਤੁਹਾਡੇ ਦੁਆਰਾ ਲਏ ਹੋਣੇ ਚਾਹੀਦੇ ਹਨ ਤਾਂ ਜੋ ਕੱਲ ਨੂੰ ਜੋ ਵੀ ਨਤੀਜਾ ਆਉਦਾ ਹੈ ਤਾਂ ਉਸਦੇ ਜਿੰਮੇਵਾਰ ਵੀ ਤੁਸੀਂ ਆਪ ਹੋ ਸਕੋ। ਇਸੇ ਤਰ੍ਹਾਂ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਕੋਈ ਜਿੰਮੇਵਾਰ ਆਪ ਨਹੀਂ ਚੁੱਕਣ ਦਿੰਦੇ ਤਾਂ ਭਵਿੱਖ ਵਿੱਚ ਬੱਚੇ ਦੇ ਅਸਫ਼ਲ ਹੋਣ ਕਾਰਨ ਮਾਪਿਆਂ ਨੂੰ ਬਹੁਤ ਕੁਝ ਸੁਨਣਾ ਪੈਂਦਾ ਹੈ। ਥੋੜੇ ਸਬਦਾਂ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਸਾਨੂੰ ਆਪਣੇ ਆਪ ਦੀ ਜਿੰਮੇਵਾਰੀ ਆਪ ਚੁੱਕਣੀ ਚਾਹੀਦੀ ਹੈ। ਜਿਹੜੇ ਲੋਕ ਹਮੇਸ਼ਾ ਦੂਸਰਿਆਂ ਦਾ ਸਹਾਰਾ ਤੱਕਦੇ ਰਹਿੰਦੇ ਹਨ, ਉਹ ਹਮੇਸ਼ਾ ਹੋਰਾਂ ਲਈ ਤੇ ਆਪਣੇ ਆਪ ਲਈ ਵੀ ਬੋਝ ਬਣ ਕੇ ਰਹਿ ਜਾਂਦੇ ਹਨ। ਇੱਕ ਵਧੀਆ, ਬੇਬਾਕ ਸ਼ਖਸੀਅਤ ਲਈ ਜਰੂਰੀ ਹੈ ਕਿ ਤੁਸੀ ਆਪਣੇ ਜੀਵਨ ਦੇ ਨਿਰਮਾਤਾ ਆਪ ਬਣੋ। ਆਪਣੇ ਨਿੱਕੇ ਨਿੱਕੇ ਕੰਮਾਂ ਤੋਂ ਲੈਕੇ ਜਿੰਦਗੀ ਦੇ ਵੱਡੇ ਫੈਸਲਿਆਂ ਤੱਕ ਦੀ ਜਿੰਮੇਵਾਰੀ ਆਪ ਚੁੱਕੋ। ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨੂੰ ਛੋਟੇ ਛੋਟੇ ਫੈਸਲੇ ਕਰਨ ਦੇ ਮੌਕੇ ਦੇਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਬੱਚੇ ਆਪਣੇ ਜੀਵਨ ਨੂੰ ਵਧੀਆ ਤਰੀਕੇ ਨਾਲ ਤੋਰ ਸਕਣ। ਬਚਪਨ ਤੋਂ ਨਿੱਕੀਆਂ ਨਿੱਕੀਆਂ ਜਿੰਮੇਵਾਰੀਆਂ ਤੇ ਫੈਸਲੇ ਲੈਣ ਦੀ ਆਦਤ ਬੱਚਿਆਂ ਨੂੰ ਭਵਿੱਖ ਦੇ ਸੂਝਵਾਨ ਫੈਂਸਲਾ ਨਿਰਮਾਤਾ ਬਣਾਵੇਗੀ। ਇਸ ਲਈ ਨੌਜਵਾਨ ਬੱਚਿਆਂ ਨੂੰ ਆਪਣੇ ਜੀਵਨ ਦੀ ਜਿੰਮੇਵਾਰੀ ਆਪ ਚੁੱਕਣੀ ਚਾਹੀਦੀ ਹੈ ਅਤੇ ਮਾਪਿਆਂ ਨੂੰ ਇਸ ਵਿੱਚ ਬੱਚਿਆਂ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ।

**—ਹਰਕੀਰਤ ਕੌਰ, 9779118066**

## ਸ਼ਹੀਦਾਂ ਦੇ ਸਿਰਤਾਜ

# ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ




ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਇਸ ਸਾਲ ਸਾਰੀ ਦੁਨੀਆ 'ਚ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦਾ ਜਨਮ ਪਹਿਲੀ ਅਪ੍ਰੈਲ 1621 ਈ: ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਛੇਵੀਂ ਪਾਤਸ਼ਾਹੀ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਜੀ 1630 ਈ: ਤਕ ਅੰਮ੍ਰਿਤਸਰ ਵਿਖੇ ਰਹੇ ਤੇ ਉਸ ਤੋਂ ਬਾਅਦ ਪਰਿਵਾਰ ਸਮੇਤ ਕਰਤਾਰਪੁਰ ਸਾਹਿਬ ਵਿਖੇ ਚਲੇ ਗਏ। ਆਪ ਜੀ ਬਚਪਨ ਤੋਂ ਹੀ ਸੰਤ ਸਰੂਪ ਤੇ ਉੱਚੀ ਸੋਚ ਦੇ ਮਾਲਕ ਸਨ। ਉਨ੍ਹਾਂ ਨੂੰ ਧਰਮ ਗ੍ਰੰਥਾਂ ਦੀ ਵਿੱਦਿਆ ਦੇਣ ਦੇ ਨਾਲ-ਨਾਲ ਸ਼ਸਤਰਾਂ ਅਤੇ ਘੋੜ ਸਵਾਰੀ ਦੀ ਸਿਖਲਾਈ ਵੀ ਕਰਵਾਈ ਗਈ। ਉਨ੍ਹਾਂ ਦਾ ਵਿਆਹ ਕਰਤਾਰਪੁਰ ਨਿਵਾਸੀ ਲਾਲ ਚੰਦ ਦੀ ਧੀ ਬੀਬੀ ਗੁਜਰੀ ਜੀ ਨਾਲ ਹੋਇਆ। 1634 ਈ: ਨੂੰ ਕਰਤਾਰਪੁਰ ਸਾਹਿਬ ਵਿਖੇ ਹੋਈ ਜੰਗ 'ਚ ਉਨ੍ਹਾਂ ਨੇ ਆਪਣੇ ਜੌਹਰ ਦਿਖਾਏ ਤੇ ਆਪਣੇ ਆਪ ਨੂੰ ਤੇਗ ਦਾ ਧਨੀ ਸਾਬਿਤ ਕੀਤਾ। 1644 ਈ: ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਜੀ ਆਪਣੀ ਮਾਤਾ ਜੀ ਸਮੇਤ ਬਾਬਾ ਬਕਾਲਾ ਆ ਕੇ ਰਹਿਣ ਲੱਗ ਪਏ, ਜੋ ਉਨ੍ਹਾਂ ਦਾ ਨਾਨਕਾ ਪਿੰਡ ਸੀ। ਉਹ ਸਾਧਾਰਨ ਜਿਹੇ ਮਕਾਨ ਵਿਚ ਰਹਿਣ ਲੱਗ ਪਏ ਜਿੱਥੇ ਜ਼ਿਆਦਾ ਸਮਾਂ ਸਿਮਰਨ ਵਿਚ ਲੀਨ ਰਹਿੰਦੇ। ਇੱਥੇ ਹੀ ਭਜਨ ਬੰਦਗੀ ਵਿਚ 20 ਸਾਲ ਬੀਤ ਗਏ।

### ਮੱਖਣ ਸ਼ਾਹ ਲੁਬਾਣਾ ਨੇ ਲੱਭਿਆ ਅਸਲ ਗੁਰੂ

ਸ੍ਰੀ ਗੁਰੂ ਹਰਕ੍ਰਿਸ਼ਨ ਜੀ 30 ਮਾਰਚ 1664 ਈ: ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸੰਗਤ ਨੂੰ ਕਹਿ ਗਏ 'ਬਾਬਾ ਬਕਾਲਾ'। ਇਹ ਗੱਲ ਦੂਰ-ਦੂਰ ਤਕ ਫੈਲ ਗਈ। ਮੌਕੇ ਦਾ ਲਾਭ ਉਠਾਉਣ ਲਈ ਬਕਾਲੇ 'ਚ 22 ਲੋਕਾਂ ਨੇ ਗੱਦੀਆਂ ਲਾ ਲਈਆਂ ਤੇ ਉਹ ਸਮਝਦੇ ਸਨ ਕਿ ਸਾਨੂੰ ਗੁਰੂ ਮੰਨ ਲਿਆ ਜਾਵੇਗਾ। ਸਮਾਂ ਬੀਤਿਆ, ਮਾਰਚ 1665 ਵਿਚ ਮੱਖਣ ਸ਼ਾਹ ਲੁਬਾਣਾ ਨਾਂ ਦੇ ਸ਼ਰਧਾਲੂ ਨੇ ਆਪਣਾ ਬੇੜਾ ਬਰੇਤੀ ਪਾਰ ਚੜ੍ਹ ਜਾਣ ਕਰਕੇ ਪੰਜ ਸੌ ਮੋਹਰਾਂ ਗੁਰੂ ਘਰ ਨੂੰ ਭੇਟ ਕਰਨ ਦੀ ਸੁੱਖਣਾ ਸੁੱਖੀ ਸੀ। ਮੋਹਰਾਂ ਭੇਟਾ ਲੈ ਕੇ ਉਹ ਬਕਾਲਾ ਵਿਖੇ ਪੁੱਜਿਆ। ਏਨੇ ਗੁਰੂ ਵੇਖ ਕੇ ਉਹ ਦੁਬਿਧਾ 'ਚ ਫਸ ਗਿਆ। ਉਹ ਹਰ ਇਕ ਅੱਗੇ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕਣ ਲੱਗ ਪਿਆ ਪਰ ਤਸੱਲੀ ਨਾ ਹੋਈ। ਉਸ ਨੇ ਗੁਰੂ ਸਾਹਿਬ ਨੂੰ ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ ਤਾਂ ਉਹ ਕਹਿਣ ਲੱਗੇ ਕਿ ਤੂੰ ਪੰਜ ਸੌ ਮੋਹਰਾਂ ਦੀ ਥਾਂ ਪੰਜ ਮੋਹਰਾਂ ਭੇਟ ਕਰ ਰਿਹਾ ਹੈਂ। ਉਸੇ ਵੇਲੇ ਮੱਖਣ ਸ਼ਾਹ ਨੇ ਮੋਹਰਾਂ ਗੁਰੂ ਚਰਨਾਂ 'ਚ ਧਰ ਕੇ ਮੱਥਾ ਟੇਕਿਆ ਤੇ ਕੋਠੇ ਚੜ੍ਹ ਕੇ ਉੱਚੀ-ਉੱਚੀ ਪੁਕਾਰਨ ਲੱਗਿਆ, 'ਗੁਰੂ ਲਾਧੋ ਰੇ ਗੁਰੂ ਲਾਧੋ ਰੇ।' 22 ਮੰਜੀਆਂ ਵਾਲੇ ਪਖੰਡੀ ਉੱਜੜ ਗਏ ਅਤੇ ਸੱਚੇ ਗੁਰੂ ਪ੍ਰਗਟ ਹੋ ਗਏ। ਸੰਗਤ ਹੁੰਮ-ਹੁੰਮਾ ਕੇ ਪੁੱਜਣ ਲੱਗੀ। 20 ਮਾਰਚ 1665 ਈ: ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਸਤਿਗੁਰਾਂ ਨੂੰ ਤਿਲਕ ਲਾ ਕੇ ਗੁਰਿਆਈ ਬਖ਼ਸ਼ੀ।

### ਕਈ ਇਲਾਕਿਆਂ 'ਚ ਕੀਤਾ ਸਿੱਖੀ ਦਾ ਪ੍ਰਚਾਰ

ਜਿਸ ਤਰ੍ਹਾਂ ਬੱਦਲ ਅਨੇਕਾਂ ਥਾਵਾਂ 'ਤੇ ਮੀਂਹ ਪਾ ਕੇ ਤਪਦੇ ਸੰਸਾਰ ਨੂੰ ਠੰਢ ਪਾਉਂਦਾ ਹੈ, ਉਸੇ ਤਰ੍ਹਾਂ ਸਤਿਗੁਰ ਨੇ ਆਤਮਿਕ ਸੰਦੇਸ਼ਾਂ ਨਾਲ ਸੰਸਾਰ ਨੂੰ ਤਾਰਿਆ। ਉਹ ਸ੍ਰੀ ਅਨੰਦਪੁਰ ਸਾਹਿਬ ਤੋਂ ਧਰਮ ਪ੍ਰਚਾਰ ਲਈ ਤੁਰ ਪਏ। ਕੁਝ ਉੱਘੇ ਸਿੱਖ ਸ਼ਰਧਾਲੂ ਵੀ ਨਾਲ ਸਨ। ਇਸ ਯਾਤਰਾ ਦਾ ਮੁੱਖ ਕਾਰਨ ਸੀ ਸਿੱਖ ਸੰਗਤ ਨਾਲ ਮੇਲ-ਜੋਲ ਕਰਨਾ ਤੇ ਦੂਜਾ ਔਰੰਗਜ਼ੇਬ ਦੀਆਂ ਗ਼ਲਤ ਨੀਤੀਆਂ ਕਾਰਨ ਕਸ਼ਟ ਝੱਲ ਰਹੇ ਲੋਕਾਂ ਨੂੰ ਜਥੇਬੰਦ ਕਰਨਾ ਅਤੇ ਉਨ੍ਹਾਂ ਦੀਆਂ ਤਕਲੀਫ਼ਾਂ ਦਾ ਹੱਲ ਕਰਨਾ। ਸੰਗਤ ਨਾਲ ਬਚਨ ਬਿਲਾਸ ਕਰਦੇ ਹੋਏ ਗੁਰੂ ਸਾਹਿਬ ਕੁਰੂਕਸ਼ੇਤਰ ਅਤੇ ਬਨੇਸਰ ਗਏ, ਜਿੱਥੇ ਉਨ੍ਹਾਂ ਦੀ ਯਾਦ 'ਚ ਕਈ ਇਤਿਹਾਸਿਕ ਗੁਰਦੁਆਰੇ ਹਨ। ਉਸ ਤੋਂ ਬਾਅਦ ਉਹ ਯਮੁਨਾ ਪਾਰ ਯੂਪੀ ਪਹੁੰਚੇ ਤੇ ਅਨੇਕਾਂ ਲੋਕਾਂ ਨੂੰ ਸਮਾਜਿਕ ਬੁਰਾਈਆਂ ਤੋਂ ਵਰਜਦਿਆਂ ਚੰਗਾ ਜੀਵਨ ਜਿਉਣ ਲਈ ਪ੍ਰੇਰਿਆ ਤੇ ਬਾਣੀ ਨਾਲ ਜੋੜਿਆ। ਇਸ ਉਪਰੰਤ ਉਹ ਮਥੁਰਾ ਅਤੇ ਆਗਰੇ ਤੋਂ ਤ੍ਰਿਵੇਣੀ ਅਤੇ ਕਾਸ਼ੀ ਪੁੱਜੇ। ਉਸ ਤੋਂ ਬਾਅਦ ਉਹ ਪਟਨਾ ਸਾਹਿਬ ਪੁੱਜੇ। ਉਹ ਜਿੱਥੇ- ਜਿੱਥੇ ਜਾਂਦੇ, ਉੱਥੇ ਬਾਣੀ ਦਾ ਰਸ ਵੰਡਦੇ।



### ਸਿਦਕ ਅੱਗੇ ਹਾਰਿਆ ਮੁਗ਼ਲਾਂ ਦਾ ਜ਼ੁਲਮ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਦਾ ਇਨਸਾਫ਼, ਸੱਚਾਈ, ਦਲੇਰੀ ਤੇ ਇਮਾਨਦਾਰੀ ਵਾਲਾ ਜੀਵਨ ਜਿਉਣ ਲਈ ਸੰਗਤ ਨੂੰ ਪ੍ਰੇਰਦੇ ਸਨ। 11 ਜੁਲਾਈ, 1675 ਨੂੰ ਉਹ ਪੰਜ ਸਿੱਖਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਰਵਾਨਾ ਹੋ ਕੇ ਆਗਰਾ ਪੁੱਜੇ। ਗੁਰੂ ਸਾਹਿਬ ਨੂੰ ਸਿੱਖਾਂ ਸਮੇਤ ਆਗਰੇ ਤੋਂ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਂਦਾ ਗਿਆ। ਗੁਰੂ ਸਾਹਿਬ ਅੱਗੇ ਤਿੰਨ ਸ਼ਰਤਾਂ ਰੱਖੀਆਂ ਗਈਆਂ : ਇਸਲਾਮ ਕਬੂਲ ਕਰੋ, ਕਰਾਮਾਤ ਵਿਖਾਓ, ਮੌਤ ਕਬੂਲ ਕਰੋ। ਸਤਿਗੁਰ ਨੇ ਜਵਾਬ ਦਿੱਤਾ ਕਿ ਸਾਡੇ ਲਈ ਆਪਣਾ ਧਰਮ ਪਿਆਰਾ ਹੈ। ਕਰਾਮਾਤ ਕਹਿਰ ਦਾ ਨਾਂ ਹੈ, ਇਹ ਅਸੀਂ ਦਿਖਾਉਣੀ ਨਹੀਂ। ਤੀਜੀ ਰਹੀ ਮੌਤ ਇਸ ਨੂੰ ਅਸੀਂ ਪਰਵਾਨ ਕਰਦੇ ਹਾਂ। ਜੇ ਕਿਸੇ ਜ਼ੁਲਮ ਨੂੰ ਮਿਟਾਉਣ ਲਈ ਸਰੀਰ ਮਿਟ ਜਾਵੇ ਤਾਂ ਇਸ ਨੇ ਇਕ ਦਿਨ ਮਿਟ ਹੀ ਜਾਣਾ ਹੈ। ਸਤਿਗੁਰ ਨੂੰ ਸ਼ਹੀਦ ਕਰਨ ਲਈ ਹੁਕਮ ਜਾਰੀ ਕਰ ਦਿੱਤਾ ਗਿਆ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ ਤੇ ਫਿਰ ਭਾਈ ਸਤੀ ਦਾਸ ਜੀ ਨੂੰ ਜਿਉਂਦੇ ਜੀਅ ਰੂੰ 'ਚ ਲਪੇਟ ਕੇ ਅੱਗ ਲਾ ਕੇ ਸਾੜਿਆ ਗਿਆ। ਉਸ ਤੋਂ ਬਾਅਦ ਭਾਈ ਦਿਆਲਾ ਜੀ ਨੂੰ ਪਾਣੀ ਦੀ ਉਬਲਦੀ ਦੇਗ 'ਚ ਉਬਾਲਿਆ ਗਿਆ। ਗੁਰੂ ਸਾਹਿਬ ਦੇ ਤਿੰਨ ਪਿਆਰੇ ਸਿੱਖ ਆਪਣਾ ਸਿਦਕ ਨਿਭਾਉਂਦੇ ਸ਼ਹੀਦ ਹੋ ਗਏ। 11 ਨਵੰਬਰ, 1675 ਵੀਰਵਾਰ ਦਾ ਦਿਨ ਸੀ ਜਦੋਂ ਦਿੱਲੀ ਦੇ ਚਾਂਦਨੀ ਚੌਕ 'ਚ ਗੁਰੂ ਸਾਹਿਬ ਦਾ ਸਿਰ ਜੱਲਾਦ ਵੱਲੋਂ ਧੜ ਤੋਂ ਵੱਖ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਥਾਂ 'ਤੇ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ ਸ਼ੁਸ਼ੋਭਿਤ ਹੈ। ਗੁਰੂ ਸਾਹਿਬ ਦੇ ਸਿਦਕ ਅੱਗੇ ਮੁਗਲਾਂ ਦਾ ਜੁਲਮ ਹਾਰ ਗਿਆ। ਚਾਂਦਨੀ ਚੌਕ 'ਚ ਹਾਹਾਕਾਰ ਮਚੀ ਪਈ ਸੀ ਪਰ ਗੁਰੂ ਘਰ ਦੇ ਪਿਆਰੇ ਸਿੱਖ ਭਾਈ ਜੈਤਾ ਜੀ ਬੜੀ ਹੀ ਚੁਸਤੀ ਨਾਲ ਹਾਕਮਾਂ ਤੋਂ ਅੱਖ ਬਚਾ ਕੇ ਗੁਰੂ ਸਾਹਿਬ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਪਹੁੰਚ ਗਏ। ਗੁਰੂ ਸਾਹਿਬ ਦਾ ਧੜ ਭਾਈ ਲੱਖੀ ਸ਼ਾਹ ਵਣਜਾਰਾ ਬੜੇ ਮਾਣ-ਸਤਿਕਾਰ ਸਹਿਤ ਆਪਣੇ ਘਰ 'ਚ ਲੈ ਗਿਆ ਅਤੇ ਉੱਥੇ ਹੀ ਸਸਕਾਰ ਕਰ ਦਿੱਤਾ ਗਿਆ, ਜਿੱਥੇ ਗੁਰਦੁਆਰਾ ਰਕਾਬ ਗੰਜ ਸਾਹਿਬ ਬਣਿਆ ਹੋਇਆ ਹੈ। ਇਸ ਮਹਾਨ ਸ਼ਹੀਦੀ ਕਰਕੇ ਗੁਰੂ ਸਾਹਿਬ ਨੂੰ ਮਾਣ- ਸਤਿਕਾਰ ਨਾਲ ਹਿੰਦ ਦੀ ਚਾਦਰ ਵੀ ਕਿਹਾ ਜਾਂਦਾ ਹੈ।

### ਕਸ਼ਮੀਰੀ ਪੰਡਤਾਂ ਦੀ ਸੁਣੀ ਫ਼ਰਿਆਦ


ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਫ਼ੈਸਲਾ ਕੀਤਾ ਕਿ ਗ਼ੈਰ-ਮੁਸਲਮਾਨਾਂ ਨੂੰ ਮੁਸਲਮਾਨ ਬਣਾਇਆ ਜਾਵੇ ਅਤੇ ਸਭ ਤੋਂ ਪਹਿਲਾਂ ਕਸ਼ਮੀਰ ਹੀ ਚੁਣਿਆ ਜਾਵੇ। ਉਸ ਦਾ ਖ਼ਿਆਲ ਸੀ ਕਿ ਜੇ ਇਹ ਲੋਕ ਇਸਲਾਮ ਕਬੂਲ ਕਰ ਲੈਣਗੇ ਤਾਂ ਬਾਕੀਆਂ ਨੂੰ ਵੀ ਤੋੜਨਾ ਔਖਾ ਨਹੀਂ। ਦੁਖੀ ਹੋਏ ਕਸ਼ਮੀਰੀ ਪੰਡਤਾਂ ਨੇ ਗੁਰੂ ਸਾਹਿਬ ਕੋਲ ਜਾ ਫ਼ਰਿਆਦ ਕੀਤੀ। ਸਤਿਗੁਰਾਂ ਨੇ ਉਨ੍ਹਾਂ ਦੇ ਦੁੱਖ ਨੂੰ ਬਹੁਤ ਹੀ ਹਮਦਰਦੀ ਨਾਲ ਸੁਣਿਆ ਤੇ ਫੁਰਮਾਇਆ ਕਿ ਇਹ ਸੰਕਟ ਟਲ ਸਕਦਾ ਹੈ ਜੇ ਕੋਈ ਮਹਾਨ ਵਿਅਕਤੀ ਬਲਿਦਾਨ ਦੇਵੇ। ਇਹ ਸੁਣ ਕੇ ਕੋਲ ਬੈਠੇ ਬਾਲ ਗੋਬਿੰਦ ਰਾਏ ਜੀ ਨੇ ਕਿਹਾ, " ਪਿਤਾ ਜੀ ਤੁਹਾਡੇ ਤੋਂ ਮਹਾਨ ਵਿਅਕਤੀ ਹੋਰ ਕੌਣ ਹੋ ਸਕਦਾ ਹੈ?" ਸਤਿਗੁਰਾਂ ਨੇ ਪੰਡਤਾਂ ਨੂੰ ਕਿਹਾ ਕਿ ਤੁਸੀਂ ਬੇਸ਼ੱਕ ਬਾਦਸ਼ਾਹ ਨੂੰ ਲਿਖ ਭੇਜੋ ਕਿ ਅਸੀਂ ਤੁਹਾਡੇ ਧਾਰਮਿਕ ਰਹਿਬਰ ਹਾਂ, ਜੇ ਇਹ ਇਸਲਾਮ ਕਬੂਲ ਕਰਦੇ ਹਨ ਤਾਂ ਅਸੀਂ ਵੀ ਇਸਲਾਮ ਕਬੂਲ ਕਰ ਲਵਾਂਗੇ। ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਉਣ ਦਾ ਹੁਕਮ ਦਿੱਤਾ। ਸਤਿਗੁਰਾਂ ਨੂੰ ਪਤਾ ਸੀ ਕਿ ਕੁਰਬਾਨੀ ਸਮੇਂ ਦੀ ਲੋੜ ਹੈ। ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਤੋਂ ਚੱਲਣ ਸਮੇਂ ਸੰਗਤ ਨੂੰ ਬਚਨ ਕੀਤਾ ਕਿ ਸਾਡੇ ਤੋਂ ਬਾਅਦ ਗੁਰਿਆਈ ਦੀ ਜ਼ਿੰਮੇਵਾਰੀ ਗੋਬਿੰਦ ਰਾਇ ਸੰਭਾਲਣਗੇ।

### ਚੱਕ ਨਾਨਕੀ ਵਸਾਉਣਾ

ਕੁਝ ਸਮਾਂ ਬਾਬਾ ਬਕਾਲਾ ਰਹਿਣ ਉਪਰੰਤ ਗੁਰੂ ਸਾਹਿਬ ਤਰਨ ਤਾਰਨ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ ਦੀ ਯਾਤਰਾ ਕਰ ਕੇ ਅੰਮ੍ਰਿਤਸਰ ਪੁੱਜੇ। ਸ੍ਰੀ ਅਕਾਲ ਤਖ਼ਤ ਸਾਹਿਬ ਨਜ਼ਦੀਕ ਥੜਾ ਸਾਹਿਬ ਤੋਂ ਬੇਰੀ ਥੱਲੇ ਆ ਬਿਰਾਜਣ ਤੋਂ ਬਾਅਦ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਗਏ ਤਾਂ ਮਸੰਦਾਂ ਨੇ ਦਰਵਾਜ਼ੇ ਬੰਦ ਕਰ ਦਿੱਤੇ। ਗੁਰੂ ਸਾਹਿਬ ਬਾਹਰੋਂ ਹੀ ਦਰਸ਼ਨ ਕਰ ਕੇ ਕੁਝ ਕੁ ਦੂਰ ਪਿੰਡ ਵੱਲਾ ਵਿਖੇ ਪੁੱਜੇ। ਸੰਗਤ ਨੇ ਬਹੁਤ ਹੀ ਸਤਿਕਾਰ ਕੀਤਾ। ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ। ਗੁਰੂ ਸਾਹਿਬ ਨੇ ਮਾਝੇ 'ਚ ਗੁਰਦੁਆਰਿਆਂ ਦੀ ਯਾਤਰਾ ਤੋਂ ਬਾਅਦ ਕੀਰਤਪੁਰ ਸਾਹਿਬ ਜਾਣ ਦਾ ਮਨ ਬਣਾ ਲਿਆ ਪਰ ਧੀਰ ਮੱਲੀਆਂ ਦੇ ਹਮਾਇਤੀਆਂ ਦਾ ਵਤੀਰਾ ਠੀਕ ਨਾ ਹੋਣ ਕਾਰਨ ਸਤਿਗੁਰਾਂ ਨੇ ਕਹਿਲੂਰ ਦੇ ਰਾਜੇ ਪਾਸੋਂ ਪਿੰਡ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਇਸ ਦਾ ਨਾਂ ਚੱਕ ਨਾਨਕੀ ਆਪਣੀ ਮਾਤਾ ਜੀ ਦੇ ਨਾਂ 'ਤੇ ਰੱਖਿਆ, ਜੋ ਬਾਅਦ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ।

—ਮਨਜੋਤ ਸਿੰਘ ਕੰਗ


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ


604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਅੱਧੋਂ ਵੱਧ ਪੰਥ ਨੇ ਮਾਤਾ ਦਾ ਹੁਕਮ ਮੰਨ ਕੇ ਬੰਦੇ ਨਾਲੋਂ ਟੁੱਟ ਜਾਣਾ

1566 ਹੁਕਮ ਆਪਦਾ ਮਾਤਾ ਮਨਜ਼ੂਰ ਸਾਨੂੰ, ਮੂੰਹ ਬੰਦੇ ਨੂੰ ਅਸੀਂ ਲਾਵਣਾ ਨਹੀਂ।
ਅਸਾਂ ਅੱਜ ਤੋਂ ਉਸਨੂੰ ਛੱਡ ਦਿੱਤਾ, ਸੀਸ ਆਪਣਾ ਅਸੀਂ ਝੁਕਾਵਣਾ ਨਹੀਂ।
ਭੀੜ ਬੰਦੇ ਤੇ ਜਦ ਵੀ ਆਣ ਪਈ, ਮੱਦਦ ਉਸ ਦੀ ਅਸਾਂ ਨੇ ਜਾਵਣਾ ਨਹੀਂ।
ਹਰਚੰਦ ਸਿੰਘਾ ਪੰਥ ਦੀ ਜਾਨ ਬੰਦਾ, ਪਰ ਹੁਕਮ ਆਪਦਾ ਅਸੀਂ ਪਲਟਾਵਣਾ ਨਹੀਂ॥

1567 ਅੱਗ ਫੁੱਟ ਦੀ ਦਿਲਾਂ ਵਿਚ ਧੁਖਣ ਲੱਗੀ, ਇਕ ਪੰਥ ਦੇ ਟੋਟੇ ਦੋ ਹੋਏ।
ਤੱਤ ਖਾਲਸਾ ਮਾਤਾ ਦੇ ਲੜ ਲੱਗਾ, ਬੰਦਈ ਬੰਦੇ ਦੇ ਨਾਲ ਖਲੋ ਹੋਏ।
ਕੰਧ ਵਿਹੜੇ ਦੇ ਵਿੱਚ ਉਸਾਰ ਲਈ, ਅੱਡ-ਅੱਡ ਉਹ ਬੂਹੇ ਢੋ ਹੋਏ।
ਹਰਚੰਦ ਸਿੰਘਾ ਫੁੱਟ ਦੇ ਦਾਗ ਕਾਲੇ, ਮੁੜ ਦਿਲਾਂ ਵਿਚੋਂ ਨਾ ਧੋ ਹੋਏ॥

### ਵੈਸਾਖੀ ਦੇ ਮੇਲੇ ਤੇ ਬੰਦਾ ਸਿੰਘ ਨੇ ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਆਉਣਾ ਅਤੇ ਤੱਤ ਖਾਲਸੇ ਨੇ ਮਾੜਾ ਵਰਤਾਓ ਕਰਨਾ

1568 ਅੰਮ੍ਰਿਤਸਰ ਰੌਣਕਾ ਲੱਗੀਆਂ ਨੇ, ਮੇਲਾ ਜਦ ਵੈਸਾਖੀ ਦਾ ਆਇਆ ਏ।
ਗੁਰਦਾਸਪੁਰ ਤੋਂ ਖਾਲਸਾ ਪੰਥ ਸਾਰਾ, ਬੰਦਾ ਸਿੰਘ ਜੀ ਨਾਲ ਲਿਆਇਆ ਏ।
ਚੜ੍ਹਤ ਉਸਦੀ ਬਾਦਸ਼ਾਹ ਵਾਂਗ ਹੈ ਸੀ, ਲਿਬਾਸ ਉਸਨੇ ਕੀਮਤੀ ਪਾਇਆ ਏ।
ਹਰਚੰਦ ਸਿੰਘਾ ਹਰਮਿੰਦਰ ਸਾਹਿਬ ਆ ਕੇ, ਸੀਸ ਗੁਰਾਂ ਨੂੰ ਆਣ ਨਿਵਾਇਆ ਏ॥

1569 ਸੇਵਾਦਾਰਾਂ ਗੁਰੂ ਦਾ ਸਮਝ ਬੰਦਾ, ਫਰਜ਼ ਆਪਣਾ ਉਹ ਨਿਭਾਉਣ ਲੱਗੇ।
ਪੱਖਾ ਕੀਮਤੀ ਦੇ ਕੇ ਸਿੱਖ ਤਾਈਂ, ਬੰਦਾ ਸਿੰਘ ਨੂੰ ਉਹੋ ਝਲਾਉਣ ਲੱਗੇ।
ਸਾਫ਼ ਕੱਪੜਾ ਝੱਟ ਵਿਛਾ ਹੇਠਾਂ, ਬੰਦਾ ਸਿੰਘ ਨੂੰ ਉਤੇ ਬਹਾਉਣ ਲੱਗੇ।
ਹਰਚੰਦ ਸਿੰਘਾ ਕੁੱਝ ਸਰਦਾਰ ਤੱਤੇ, ਜੌਹਰ ਆਪਣੇ ਉਥੇ ਦਿਖਾਉਣ ਲੱਗੇ॥

1570 ਤੱਤ ਖਾਲਸੇ ਤਾਈਂ ਤੱਕ ਤੱਤ ਚੜ੍ਹਿਆ, ਉਨ੍ਹਾਂ ਆਪਣਾ ਰੰਗ ਵਿਖਾ ਦਿੱਤਾ।
ਕਾਹਨ ਸਿੰਘ ਤੇ ਬਾਵਾ ਬਿਨੋਦ ਸਿੰਘ ਨੇ, ਬਾਹੋਂ ਫੜ ਕੇ ਬੰਦਾ ਉਠਾ ਦਿੱਤਾ।
ਗੁਰੂ ਗਿਆਰਵਾਂ ਅਸੀਂ ਨਹੀਂ ਬਣਨ ਦੇਣਾ, ਬਚਨ ਸੰਗਤਾਂ ਤਾਈਂ ਸੁਣਾ ਦਿੱਤਾ।
ਨੱਥਾ ਸਿੰਘ ਤੇ ਭਾਈ ਦੀਪ ਸਿੰਘ ਨੇ, ਹਰਚੰਦ ਸਿੰਘਾ ਚੰਦ ਚੜ੍ਹਾ ਦਿੱਤਾ॥

### ਭਾਈ ਦੀਪ ਸਿੰਘ ਤੇ ਭਾਈ ਨੱਥਾ ਸਿੰਘ ਨੇ ਉੱਚੇ ਥਾਂ ਖੜ ਕੇ ਸੰਗਤਾਂ ਤਾਈਂ ਪ੍ਰਚਾਰਨਾ

1571 ਬੰਦਾ ਗਿਆਰਵਾਂ ਗੁਰੂ ਅਖਵਾਣ ਲੱਗਾ, ਹੋਇਆ ਗੁਰੂ ਤੋਂ ਹੈ ਬੇ-ਮੁਖ ਸਿੰਘੋ।
ਜੋ ਜੋ ਵੀ ਰਹਿਣਗੇ ਨਾਲ ਇਸਦੇ, ਉਨ੍ਹਾਂ ਭੋਗਣਾ ਨਰਕ ਦਾ ਦੁੱਖ ਸਿੰਘੋ।
ਜੋ ਸਿੰਘ ਗੁਰੂ ਦਸਮੇਸ਼ ਦਾ ਏ, ਉਹ ਆ ਜਾਓ ਸਾਡੇ ਰੁੱਖ ਸਿੰਘੋ।
ਅਪਮਾਨ ਮਾਤਾ ਦਾ ਕੀਤਾ ਹਰਚੰਦ ਸਿੰਘਾ, ਗੁਰ-ਗੱਦੀ ਦੀ ਇਸਨੂੰ ਭੁੱਖ ਸਿੰਘੋ॥

### ਤੱਤ ਖਾਲਸੇ ਦੇ ਸਰਦਾਰਾਂ ਨੇ ਰਾਮਸਰ ਅਤੇ ਬੰਦਾ ਸਿੰਘ ਤੇ ਉਸਦੇ ਸਰਦਾਰਾਂ ਤੇ ਸ਼ਰਧਾਲੂਆਂ ਨੇ ਅੱਡ ਅੱਡ ਦੀਵਾਨ ਸਜਾਏ

1572 ਅੱਡ ਅੱਡ ਦੀਵਾਨ ਉਹ ਲਾ ਬੈਠੇ, ਇੱਕ ਦੂਜੇ ਤੇ ਤੁਹਮਤਾਂ ਲਾਂਵਦੇ ਨੇ।
ਦੇਖੋ ਜੋਸ਼ ਨੇ ਹੋਸ਼ ਭੁਲਾ ਦਿੱਤੀ, ਮੂੰਹ ਆਈ ਬਾਤ ਸੁਣਾਂਵਦੇ ਨੇ।
ਚਾਰੋਂ ਪਾਸੇ ਵੈਰੀਆਂ ਘਾਤ ਲਾਈ, ਇਹ ਆਪਸੀ ਵੈਰ ਵਧਾਂਵਦੇ ਨੇ।
ਹਰਚੰਦ ਸਿੰਘਾ ਟੁੱਟੇ ਜੋ ਜੜ ਨਾਲੋਂ, ਉਸ ਰੁੱਖ ਨੂੰ ਪੱਤ ਨਾ ਆਂਵਦੇ ਨੇ॥

### ਤੱਤ ਖਾਲਸਾ ਬੰਦਾ ਸਿੰਘ ਨਾਲੋਂ ਟੁੱਟ ਕੇ ਸ਼ਾਹ ਦੀ ਝੋਲੀ ਜਾ ਪਿਆ

1573 ਬਾਦਸ਼ਾਹ ਨੂੰ ਖਬਰਾਂ ਹੋ ਗਈਆਂ, ਬੰਦਾ ਸਿੰਘ ਦੀ ਭੱਜਗੀ ਬਾਂਹ ਬੇਲੀ।
ਜੋ ਰੁੱਖ ਦਾ ਸਾਥ ਨਾ ਛੱਡਦੀ ਏ, ਦੇਖੋ ਰੁੱਖ ਨੂੰ ਛੱਡਗੀ ਛਾਂ ਬੇਲੀ।
ਤੱਤ ਖਾਲਸਾ ਬੰਦੇ ਤੋਂ ਵੱਖ ਹੋਇਆ, ਦੁਸ਼ਮਣ ਪੁੱਤਾਂ ਦੀ ਹੋ ਗਈ ਮਾਂ ਬੇਲੀ।
ਹਰਚੰਦ ਸਿੰਘਾ ਅੰਬਾਂ ਤੋਂ ਅੱਕ ਬਣਦੇ, ਫੁੱਟ ਉਗ ਪਏ ਜਿਸ ਵੀ ਥਾਂ ਬੇਲੀ॥

### ਬਾਦਸ਼ਾਹ ਨੇ ਮਾਤਾ ਦੇ ਰਾਹੀਂ, ਤੱਤ ਖਾਲਸੇ ਨਾਲ ਸੰਧੀ ਕਰਨੀ

1574 ਬਾਦਸ਼ਾਹ ਨੇ ਵੇਖ ਕੇ ਗਰਮ ਲੋਹਾ, ਇੱਕ ਹੋਰ ਮਾਰਤੀ ਸੱਟ ਸਿੰਘੋ।
ਅਹਿਦਨਾਮਾ ਸਿੰਘਾਂ ਦੇ ਨਾਲ ਕੀਤਾ, ਵਕੀਲ ਭੇਜਕੇ ਉਸਨੇ ਝੱਟ ਸਿੰਘੋ।
ਦੇਵਾਂ ਪਰਗਨਾ ਥੋਨੂੰ ਝਬਾਲ ਦਾ ਮੈਂ, ਦਸ ਹਜ਼ਾਰ ਖਰਚ ਲਈ ਖੱਟ ਸਿੰਘੋ।
ਭਰਤੀ ਸ਼ਾਹੀ ਫ਼ੌਜ ਦੇ ਵਿੱਚ ਹੋਵੋ, ਰੁਪਈਆ ਰੋਜ਼ ਦਾ ਤਲਬ ਨਾ ਘੱਟ ਸਿੰਘੋ॥

1575 ਹਿੰਦੂ-ਸਿੱਖ ਤੇ ਕੋਈ ਨਾ ਜ਼ੁਲਮ ਹੋਊ, ਸਾਰੇ ਹੋਣਗੇ ਇਕ ਸਮਾਨ ਭਾਈ।
ਬਾਦਸ਼ਾਹ ਤੇ ਆਏ ਜੇ ਚੜ੍ਹ ਕੋਈ, ਮੱਦਦ ਕਰਨੀ ਤੁਸਾਂ ਨੇ ਆਣ ਭਾਈ।
ਕੰਮ ਕਰੋ ਜਿਸ ਨੂੰ ਜੀ ਕਰੇ, ਸਰਕਾਰ ਦਏਗੀ ਸਭ ਸਾਮਾਨ ਭਾਈ।
ਹਰਚੰਦ ਸਿੰਘਾ ਅਮਨ ਦੇ ਨਾਲ ਰਹੀਏ, ਇਕ ਦੂਜੇ ਦੀ ਬਣਕੇ ਜਾਨ ਭਾਈ॥

1576 ਪੰਜ ਸੌ ਗੁਰਾਂ ਦੇ ਸਿੰਘ ਸੂਰੇ, ਭਰਤੀ ਵਿਚ ਲਾਹੌਰ ਦੇ ਜਾ ਹੋਏ।
ਸ਼ਾਹੀ ਫ਼ੌਜ ਦੀ ਨੌਕਰੀ ਜਾ ਕੀਤੀ, ਚੰਗੀ ਤਲਬ ਤੇ ਚਿੱਤ ਨੂੰ ਚਾ ਹੋਏ।
ਬਾਕੀ ਮੁੜੇ ਘਰਾਂ ਨੂੰ ਖੁਸ਼ ਹੋ ਕੇ, ਜੰਗ ਮੁੱਕੀ ਸਾਫ ਸੀ ਰਾਹ ਹੋਏ।
ਹਰਚੰਦ ਸਿੰਘਾ ਸੱਪ ਤੇ ਸ਼ੇਰ ਕੋਲੋਂ, ਕਦੇ ਵੀ ਨਾ ਕਿਸੇ ਦਾ ਭਲਾ ਹੋਏ॥

### ਤੱਤ ਖਾਲਸੇ ਦੇ ਵੱਖ ਹੋ ਜਾਣ ਮਗਰੋਂ ਵੀ ਬੰਦਾ ਸਿੰਘ ਅਤੇ ਉਸਦੇ ਸਾਥੀਆਂ ਦੇ ਹੌਸਲੇ ਬੁਲੰਦ ਰਹੇ

1577 ਤੱਤ ਖਾਲਸਾ ਬੰਦੇ ਤੋਂ ਵੱਖ ਹੋਇਆ, ਪਰ ਬੰਦੇ ਨਾ ਹੌਸਲਾ ਹਾਰਿਆ ਏ।
'ਸਰ ਖਾਲਸਾ' ਦਲ ਨੂੰ ਨਾਮ ਦੇ ਕੇ, ਜੰਗ-ਯੁੱਧ ਨਾ ਮਨੋ ਵਿਸਾਰਿਆ ਏ।
ਅਟਕ ਤਾਈਂ ਘੋੜਾ ਫੇਰ ਦਿੱਤਾ, ਜੋ ਅੜਿਆ ਮਿੱਧ ਕੇ ਮਾਰਿਆ ਏ।
ਹਰਚੰਦ ਸਿੰਘਾ ਫਿਰੇ ਬੇ-ਖੌਫ਼ ਬੰਦਾ, ਭੈ ਸ਼ਾਹ ਦਾ ਮਨੋ ਉਤਾਰਿਆ ਏ॥

### ਤੱਤ ਖਾਲਸੇ ਨਾਲ ਸੰਧੀ ਕਰਨ ਮਗਰੋਂ ਬਾਦਸ਼ਾਹ ਨੇ ਬੰਦਾ ਸਿੰਘ ਨੂੰ ਫੜ ਕੇ ਖਤਮ ਕਰਨ ਦੀ ਯੋਜਨਾ ਬਣਾਈ

1578 ਦਿੱਲੀ ਦੱਖਣੋ ਹੋ ਤਿਆਰ ਫ਼ੌਜਾਂ, ਉਹ ਵੱਲ ਪੰਜਾਬ ਦੇ ਆਈਆਂ ਨੇ।
ਆ ਕੇ ਖੇਤ ਲਾਹੌਰ ਦੇ ਮੱਲ ਬੈਠੇ, ਥਾਂ ਥਾਂ ਤੇ ਛੌਣੀਆਂ ਪਾਈਆਂ ਨੇ।
ਬੰਦਾ ਸਿੰਘ ਨੂੰ ਇਸਦੀ ਖਬਰ ਹੋਈ, ਉਸ ਢੇਰੀਆਂ ਮੂਲ ਨਾ ਢਾਈਆਂ ਨੇ।
ਹਰਚੰਦ ਸਿੰਘਾ ਲਾਹੌਰ ਦੇ ਵੱਲ ਝੱਬੇ, ਬੰਦਾ ਸਿੰਘ ਨੇ ਕੀਤੀਆਂ ਧਾਈਆਂ ਨੇ॥

### ਵੀਣੀਕਿਆਂ ਦੇ ਪਾਸ ਬੰਦਾ ਸਿੰਘ ਦਾ ਸ਼ਾਹੀ ਫ਼ੌਜਾਂ ਤੇ ਤੱਤ ਖਾਲਸੇ ਨਾਲ ਘਮਸਾਨ ਦਾ ਯੁੱਧ ਹੋਇਆ

1579 ਬੰਦਾ ਸਿੰਘ ਸੀ ਵੀਣੀਕੀਆਂ ਆ ਬੈਠਾ, ਲਾਹੌਰ ਸ਼ਹਿਰ ਤੇ ਧਾਵਾ ਬੋਲਣੇ ਨੂੰ।
ਟਿੱਡੀ ਦਲ ਦੇ ਵਾਂਗ ਜੋ ਫ਼ੌਜ ਆਈ, ਉਨ੍ਹੂੰ ਵਿਚ ਮੈਦਾਨ ਦੇ ਰੋਲਣੇ ਨੂੰ।
ਪੰਥ ਟੁੱਟਿਆ ਪਰ ਨਹੀਂ ਖਤਮ ਹੋਇਆ, ਆਇਆ ਬੂਹੇ ਲਾਹੌਰ ਦੇ ਖੋਲ੍ਹਣੇ ਨੂੰ।
ਹਰਚੰਦ ਸਿੰਘਾ ਗੱਭਰੂ ਪੈਣ ਕਾਹਲੇ, ਜਿੰਦਾਂ ਤੇਗਾਂ-ਤਲਵਾਰਾਂ ਤੇ ਤੋਲਣੇ ਨੂੰ॥

### ਲਾਹੌਰ ਦੇ ਸੂਬੇ ਦਲੇਰ ਜੰਗ ਨੇ ਸੰਧੀ ਦੇ ਮੁਤਾਬਿਕ ਤੱਤ ਖਾਲਸੇ ਨੂੰ ਮੱਦਦ ਵਾਸਤੇ ਸੱਦਿਆ 19 ਹਜ਼ਾਰ ਸੈਨਿਕ ਤੇ ਤੋਪਖਾਨਾ ਨਾਲ ਲੈ ਕੇ ਬੰਦਾ ਸਿੰਘ ਦੇ ਮੁਕਾਬਲੇ ਤੇ ਨਿੱਤਰਿਆ

1580 ਤੱਤ ਖਾਲਸੇ ਤਾਈਂ ਭੇਜ ਸੱਦਾ, ਮੱਦਦ ਵਾਸਤੇ, ਸੂਬੇ ਬੁਲਾਇਆ ਜੀ।
ਬੰਦਾ ਸਿੰਘ ਲਾਹੌਰ ਤੇ ਆਣ ਚੜ੍ਹਿਆ, ਸਾਡੇ ਸਭ ਦਾ ਕਰਨ ਸਫਾਇਆ ਜੀ।
ਮੀਰੀ ਸਿੰਘ ਪੁੱਤਰ ਕਾਨ੍ਹ ਸਿੰਘ ਦਾ, ਦਲ ਲੈ ਕੇ ਮੱਦਦ ਨੂੰ ਆਇਆ ਜੀ।
ਹਰਚੰਦ ਸਿੰਘਾ, ਸਿੰਘਾਂ ਨੇ ਸਿੰਘਾਂ ਦਾ, ਲਹੂ ਪਾਣੀ ਦੇ ਵਾਂਗ ਬਹਾਇਆ ਜੀ॥

1581 ਚਾਲ ਤੁਰਕ ਦੀ ਉਸਦੇ ਰਾਸ ਆਈ, ਸਿੰਘ ਸਿੰਘਾਂ ਦੇ ਨਾਲ ਲੜਾ ਦਿੱਤੇ।
ਆਪ ਉਨ੍ਹਾਂ ਦੀ ਬਗਲ ਤੇ ਹੋ ਖੜੇ, ਸ਼ੇਰ ਸ਼ੇਰਾਂ ਦੇ ਸਾਹਮਣੇ ਡਾਹ ਦਿੱਤੇ।
ਪੁੱਤ ਇੱਕੋ ਪਿਤਾ ਦੇ ਲੜ ਮੋਏ, ਭੈੜੀ ਫੁੱਟ ਨੇ ਫੱਟ ਸੀ ਲਾ ਦਿੱਤੇ।
ਹਰਚੰਦ ਸਿੰਘਾ ਤੁਰਕਾਂ ਮਾਰ ਗੋਲੇ, ਸਿੰਘ ਫੰਬਿਆਂ ਵਾਂਗ ਉਡਾ ਦਿੱਤੇ॥

### ਤੱਤ ਖਾਲਸੇ ਅਤੇ ਸ਼ਾਹੀ ਸਿੱਖ ਫ਼ੌਜੀਆਂ ਨੇ ਸਰ ਖਾਲਸੇ ਦਾ ਬੜਾ ਨੁਕਸਾਨ ਕੀਤਾ, ਸੂਬਾ ਸਰਹੰਦ ਦੀਆਂ ਫ਼ੌਜਾਂ ਹੋਰ ਆ ਜਾਣ ਕਰਕੇ ਬੰਦਾ ਸਿੰਘ ਨੂੰ ਅਖੀਰ ਪਿੱਛੇ ਹਟਣਾ ਪਿਆ

1582 ਦੋ ਦਿਨ ਸੀ ਬੰਦਾ ਸਿੰਘ ਲੜਿਆ, ਸੱਥਰ ਲੋਥਾਂ ਦੇ ਉੱਥੇ ਵਿਛਾ ਦਿੱਤੇ।
ਤੱਤ ਖਾਲਸੇ ਪੇਸ਼ ਨਾ ਜਾਣ ਦਿੱਤੀ, ਤੁਰਕ ਉਨ੍ਹਾਂ ਨੇ ਆਣ ਬਚਾ ਦਿੱਤੇ।
ਬੰਦਾ ਸਿੰਘ ਨੇ ਅੰਤ ਨੂੰ ਹਟ ਪਿੱਛੇ, ਗੁਰਦਾਸ ਨੰਗਲ ਜਾ ਡੇਰੇ ਲਾ ਦਿੱਤੇ।
ਹਰਚੰਦ ਸਿੰਘਾ ਸੂਬੇ ਨੇ ਸ਼ੁਕਰ ਕੀਤਾ, ਸਿੰਘ ਲਹੌਰ ਤੋਂ ਦੂਰ ਭਜਾ ਦਿੱਤੇ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ। ਸਪੰਰਕ : 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ, ਕੱਦ 5'9'', ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

ਕੈਨੇਡਾ ਵਿਚ ਵਿਜ਼ਟਰ ਵੀਜ਼ੇ 'ਤੇ ਰਹਿ ਰਿਹਾ ਜੱਟ ਸਿੱਖ ਮਾਨ ਲੜਕਾ, ਉਮਰ 22 ਸਾਲ, ਕੱਦ 6 ਫੁੱਟ, ਡੀਜ਼ਲ ਮਕੈਨਿਕ ਦਾ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਸਟੂਡੈਂਟ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ: 778-361-2200

### ਕੰਨਿਆਂ ਦੀ ਲੋੜ

ਜੱਟ ਸਿੱਖ ਭੁੱਲਰ ਲੜਕਾ, ਉਮਰ 35, ਕੱਦ 5"5', ਐਮਐਸਸੀ, ਲਈ ਕੈਨੇਡੀਅਨ ਸਿਟੀਜ਼ਨ, ਪੀ. ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ
ਸੰਪਰਕ ਕਰੋ: 236-881-7405

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋਂ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805 (ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਨ ਸਾਥੀ ਦੀ ਲੋੜ ਹੈ। Recent Photo And Ibodata ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ :
778-801-9037 talwanid@hotmial.ca

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

### ਵਰ ਦੀ ਲੋੜ

ਜੱਟ ਸਿੱਖ ਭੁੱਲਰ ਲੜਕੀ, ਉਮਰ 35, ਕੱਦ 5"3', ਐਮਸੀਏ, ਲਈ ਕੈਨੇਡੀਅਨ ਸਿਟੀਜ਼ਨ, ਪੀ. ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 236-881-7405

## EMPLOYMENTS

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਸੁੰਪਰਕ ਕਰੋ 604-339-2389

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁੰਰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰੰਬਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਅਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਊ। ਹੋਰ ਜਾਣਕਾਰੀ ਲਈ ਸੰਪਰਕ ਕਰੋ 604-298-5000


23

# ਪ੍ਰਸਿੱਧ ਪੰਜਾਬੀ ਫ਼ਿਲਮੀ ਅਦਾਕਾਰਾ ਦਲਜੀਤ ਕੌਰ ਦਾ ਦਿਹਾਂਤ

ਲੁਧਿਆਣਾ-ਪੰਜਾਬੀ ਸਿਨੇਮਾ ਜਗਤ ਦੀ ਪ੍ਰਸਿੱਧ ਅਭਿਨੇਤਰੀ ਦਲਜੀਤ ਕੌਰ (69) ਦਾ ਦੇਹਾਂਤ ਹੋ ਗਿਆ। ਆਪਣੇ ਜ਼ਮਾਨੇ ਵਿਚ ਪੰਜਾਬੀ ਫ਼ਿਲਮਾਂ ਦੀ 'ਹੇਮਾ ਮਾਲਿਨੀ' ਵਜੋਂ ਮਸ਼ਹੂਰ



ਰਹੀ ਦਲਜੀਤ ਕੌਰ ਨੇ 100 ਤੋਂ ਵੱਧ ਪੰਜਾਬੀ ਫ਼ਿਲਮਾਂ ਵਿਚ ਕੰਮ ਕੀਤਾ ਸੀ। ਉਨ੍ਹਾਂ ਦਰਜਨ ਦੇ ਕਰੀਬ ਹਿੰਦੀ ਫ਼ਿਲਮਾਂ ਵਿੱਚ ਵੀ ਆਪਣੀ ਅਦਾਕਾਰੀ ਦੇ ਜਲਵੇ ਦਿਖਾਏ ਸਨ। ਉਹ ਪਿਛਲੇ ਕਈ ਸਾਲਾਂ ਤੋਂ ਗੁਮਨਾਮੀ ਦੀ ਜ਼ਿੰਦਗੀ ਜੀਅ ਰਹੇ ਸਨ ਅਤੇ ਬਿਮਾਰ ਚਲੇ ਆ ਰਹੇ ਸਨ। ਅਦਾਕਾਰਾ ਦਲਜੀਤ ਕੌਰ ਦਾ ਜਨਮ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਪਿਤਾ ਮਹਿੰਦਰ ਸਿੰਘ ਦੇ ਗ੍ਰਹਿ ਸਿਲੀਗੁੜੀ (ਪੱਛਮੀ ਬੰਗਾਲ) ਵਿਖੇ ਮਿਤੀ 24 ਮਾਰਚ 1954 ਨੂੰ ਹੋਇਆ। ਉਝ ਅਦਾਕਾਰਾ ਦੇ ਪਿਤਾ ਪੁਰਖਿਆਂ ਦਾ ਪਿੰਡ ਐਤੀਆਣਾ ਤੇ ਖੰਗੂੜਾ ਗੋਤ ਹੈ ਤੇ ਟਰਾਂਸਪੋਰਟ ਦੇ ਕਿੱਤੇ ਨੂੰ ਮੁੱਖ ਰੱਖਦਿਆਂ ਪਰਿਵਾਰ ਪੱਛਮੀ ਬੰਗਾਲ ਸੂਬੇ ਦੇ ਸਿਲੀਗੁੜੀ ਵਿਖੇ ਰਹਿਣ ਲੱਗ ਪਿਆ ਸੀ। ਦਲਜੀਤ ਕੌਰ ਨੇ ਮੁੱਢਲੀ ਤੇ ਸੀਨੀਅਰ ਸੈਕੰਡਰੀ ਤੱਕ ਦੀ ਸਿੱਖਿਆ ਸਿਲੀਗੁੜੀ ਤੋਂ ਪ੍ਰਾਪਤ ਕਰਨ ਤੋਂ ਇਲਾਵਾ ਸ੍ਰੀ ਰਾਮ ਲੇਡੀਜ਼ ਕਾਲਜ ਦਿੱਲੀ ਤੋਂ ਗਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ। ਬਚਪਨ ਤੋਂ ਹੀ ਵੱਡੇ ਪਰਦੇ 'ਤੇ ਆਪਣੀ ਛਾਪ ਬਣਾਉਣ ਦੀ ਚਾਹਵਾਨ ਦਲਜੀਤ ਕੌਰ ਨੇ ਸੰਨ 1976 ਵਿਚ ਧੀਰਜ ਕੁਮਾਰ ਨਾਲ ਪੰਜਾਬੀ ਫ਼ਿਲਮ 'ਦਾਜ' ਵਿਚ ਕੰਮ ਕੀਤਾ ਤੇ ਇਹ ਫ਼ਿਲਮ ਕਾਫ਼ੀ ਸਫ਼ਲ ਰਹੀ। ਇਸ ਤੋਂ ਇਲਾਵਾ ਉਨ੍ਹਾਂ ਪੰਜਾਬੀ ਫ਼ਿਲਮ ਅਦਾਕਾਰਾਂ ਵਰਿੰਦਰ, ਸਤੀਸ਼ ਕੌਲ, ਯੋਗਰਾਜ ਸਿੰਘ, ਗੁੱਗੂ ਗਿੱਲ ਆਦਿ ਨਾਲ ਵੱਖ-ਵੱਖ ਸਮੇਂ 'ਤੇ ਪੁੱਤ ਜੱਟਾਂ ਦੇ (1983), ਕੀ ਬਣੂ ਦੁਨੀਆ ਦਾ (1986), ਸਰਪੰਚ, ਪਟੋਲਾ (1988), ਮਾਮਲਾ ਗੜਬੜ ਹੈ (1983), ਅਣਖ ਜੱਟ ਦੀ, ਜੱਗਾ ਡਾਕੂ, ਰੂਪ ਸ਼ੌਕੀਨ ਦਾ, ਸੈਦਾ ਜੋਗਣ (1979), ਸੋਹਣੀ ਮਹੀਵਾਲ ਆਦਿ ਸਮੇਤ 70 ਤੋਂ 80 (ਵਧੇਰੇ ਪੰਜਾਬੀ) ਹਿੰਦੀ ਤੇ ਦੱਖਣੀ ਭਾਰਤ ਦੀਆਂ ਫ਼ਿਲਮਾਂ ਅੰਦਰ ਆਪਣੀ ਅਦਾਕਾਰੀ ਪੇਸ਼ ਕੀਤੀ। ਦਲਜੀਤ ਕੌਰ ਸਫ਼ਲ ਅਦਾਕਾਰਾ ਹੋਣ ਦੇ ਨਾਲ-ਨਾਲ ਉਨ੍ਹਾਂ ਸਮਿਆਂ ਅੰਦਰ ਰਾਸ਼ਟਰੀ ਪੱਧਰ 'ਤੇ ਕਬੱਡੀ ਸਮੇਤ ਹਾਕੀ ਦੀ ਵੀ ਨਾਮਵਰ ਖਿਡਾਰਨ ਰਹੀ। ਇਕ ਸੜਕ ਹਾਦਸੇ ਦੌਰਾਨ ਪਤੀ ਹਰਮਿੰਦਰ ਸਿੰਘ ਦਿਓਲ ਦੀ ਮੌਤ ਹੋ ਜਾਣ ਉਪਰੰਤ ਦਲਜੀਤ ਕੌਰ ਨੇ ਕੁਝ ਸਮੇਂ ਲਈ ਇੰਡਸਟਰੀ ਤੋਂ ਕਿਨਾਰਾ ਕਰ ਲਿਆ ਪਰ ਬਾਅਦ ਵਿਚ ਫਿਰ ਅਦਾਕਾਰੀ ਦਾ ਕੰਮ ਸ਼ੁਰੂ ਕੀਤਾ। ਸੰਨ 2013 ਵਿਚ ਰਿਲੀਜ਼ ਹੋਈ ਪੰਜਾਬੀ ਗਾਇਕ ਤੇ ਫ਼ਿਲਮ ਨਿਰਮਾਤਾ ਗਿੱਪੀ ਗਰੇਵਾਲ ਦੀ ਫ਼ਿਲਮ



'ਸਿੰਘ ਵਰਸਜ਼ ਕੌਰ' 'ਚ ਦਲਜੀਤ ਕੌਰ ਨੇ ਗਿੱਪੀ ਦੀ ਮਾਂ ਵਜੋਂ ਬਿਹਤਰੀਨ ਰੋਲ ਨਿਭਾਇਆ। ਉਪਰੰਤ ਦਲਜੀਤ ਕੌਰ ਨੇ 2016 ਤੱਕ ਕੁਝ ਕੁ ਫ਼ਿਲਮਾਂ 'ਚ ਕੰਮ ਕੀਤਾ ਪਰ ਉਹ ਅਧੂਰੀਆਂ ਹੀ ਰਹਿ ਗਈਆਂ। ਆਪਣੀ ਕੋਈ ਵੀ ਸੰਤਾਨ ਨਾ ਹੋਣ ਕਾਰਨ ਅਦਾਕਾਰਾ ਦਲਜੀਤ ਕੌਰ ਪਿਛਲੇ 12 ਸਾਲਾਂ ਤੋਂ ਬਿਮਾਰੀ ਦੀ ਹਾਲਤ ਵਿਚ ਮੁੰਬਈ ਤੋਂ ਇਥੇ ਗੁਰੂਸਰ ਸੁਧਾਰ ਵਿਖੇ ਆਪਣੇ ਸਵ: ਤਾਇਆ ਜੀ ਦੇ ਲੜਕੇ ਚਚੇਰੇ ਭਰਾ ਹਰਜਿੰਦਰ ਸਿੰਘ ਖੰਗੂੜਾ ਕੋਲ ਰਹਿ ਰਹੀ ਸੀ ਕਿ ਅੱਜ ਸਭਨਾਂ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਅੰਤਿਮ ਯਾਤਰਾ 'ਚ ਐਤੀਆਣਾ ਦੇ ਸਾਬਕਾ ਸਰਪੰਚ ਗੁਰਮੀਤ ਸਿੰਘ ਗਿੱਲ, ਸਰਪੰਚ ਸੁਖਵਿੰਦਰ ਸਿੰਘ ਕਲੇਰ, ਸਰਪੰਚ ਲਖਵੀਰ ਸਿੰਘ, ਸੰਤੋਖ ਗਿੱਲ, ਕੰਵਰਪਾਲ ਆਹਲੂਵਾਲੀਆ, ਸੁਨੀਲ ਸੈਨ, ਪਵਨ ਜੈਦਿਆ, ਡਾ. ਅਨਿਲ ਅਰੋੜਾ ਸਮੇਤ ਸਕੇ ਸੰਬੰਧੀ, ਸਥਾਨਕ ਤੇ ਐਤੀਆਣਾ ਵਾਸੀ ਸ਼ਾਮਿਲ ਹੋਏ। ਦਲਜੀਤ ਕੌਰ ਦੀ ਚਿਤਾ ਨੂੰ ਅਗਨੀ ਹਰਜਿੰਦਰ ਸਿੰਘ ਖੰਗੂੜਾ ਤੇ ਭੈਣ ਦੇ ਲੜਕੇ ਰਿਸ਼ਭ ਵਲੋਂ ਦਿਖਾਈ ਗਈ।






# ਕੈਨੇਡਾ ਦੇ ਲੇਖਕਾਂ ਵੱਲੋਂ ਗੁਰਭਜਨ ਗਿੱਲ ਨੂੰ ਨੰਦ ਲਾਲ ਨੂਰਪੁਰੀ ਐਵਾਰਡ ਲਈ ਚੁਣੇ ਜਾਣ 'ਤੇ ਮੁਬਾਰਕਾਂ

ਸਰੀ (ਹਰਦਮ ਮਾਨ)-ਲੋਕ ਮੰਚ ਪੰਜਾਬ ਵੱਲੋਂ ਨਾਮਵਰ ਪੰਜਾਬੀ ਸ਼ਾਇਰ, ਗੀਤਕਾਰ ਗੁਰਭਜਨ ਗਿੱਲ ਨੂੰ ਨੰਦ ਲਾਲ ਨੂਰਪੁਰੀ ਐਵਾਰਡ ਦੇਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਗਰੇਟਰ ਵੈਨਕੂਵਰ ਦੇ ਲੇਖਕਾਂ ਨੇ ਸ. ਗਿੱਲ ਨੂੰ ਵਧਾਈ ਦਿੱਤੀ ਹੈ ਅਤੇ ਲੋਕ ਮੰਚ ਪੰਜਾਬ ਦੀ ਪ੍ਰਬੰਧਕੀ ਕਮੇਟੀ ਦਾ ਧੰਨਵਾਦ ਕੀਤਾ ਹੈ। ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ ਨੇ ਇਕ ਸੰਖੇਪ ਮੀਟਿੰਗ ਕਰਕੇ ਇਸ ਐਲਾਨ 'ਤੇ ਖੁਸ਼ੀ ਪ੍ਰਗਟ ਕਰਦਿਆਂ ਗੁਰਭਜਨ ਗਿੱਲ ਨੂੰ ਮੁਬਾਰਕਬਾਦ ਦਿੱਤੀ ਹੈ ਅਤੇ ਕਿਹਾ ਕਿ ਇਸ ਨਾਲ ਜਿੱਥੇ ਪੰਜਾਬੀ ਸੱਭਿਆਚਾਰਕ ਗੀਤਕਾਰੀ ਦਾ ਮਾਣ ਸਤਿਕਾਰ ਵਧਿਆ ਹੈ ਉੱਥੇ ਹੀ ਸੱਭਿਅਕ ਅਤੇ ਉਸਾਰੂ ਗੀਤਕਾਰਾਂ ਲਈ ਇਹ ਇਕ ਬੇਹੱਦ ਉਤਸ਼ਾਹਜਨਕ ਕਦਮ ਹੋਵੇਗਾ। ਮੰਚ ਦੇ ਬੁਲਾਰੇ ਅਤੇ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਗੁਰਭਜਨ ਗਿੱਲ ਇਕ ਸਮਰੱਥ ਸ਼ਾਇਰ ਅਤੇ ਮੰਨੇ ਹੋਏ ਗੀਤਕਾਰ ਹਨ। ਉਨ੍ਹਾਂ ਦੇ ਗੀਤਾਂ ਦੀਆਂ ਦੋ ਪੁਸਤਕਾਂ 'ਫੁੱਲਾਂ ਦੀ ਝਾਂਜਰ' ਅਤੇ 'ਪਿੱਪਲ ਪੱਤੀਆਂ' ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨਾਂ ਦੇ ਬਹੁਤ ਸਾਰੇ ਗੀਤ ਪੰਜਾਬੀ ਦੇ ਨਾਮੀਂ ਕਲਾਕਾਰਾਂ ਦੀ ਆਵਾਜ਼ ਵਿਚ ਰਿਕਾਰਡ ਹੋ ਚੁੱਕੇ ਹਨ। ਵਿਸ਼ੇਸ਼ ਤੌਰ 'ਤੇ ਉਨ੍ਹਾਂ ਦਾ ਗੀਤ 'ਲੋਰੀ' ਏਨਾ ਹਰਮਨ ਪਿਆਰਾ ਹੋਇਆ ਹੈ ਕਿ ਬਹੁਤ ਸਾਰੇ ਪੰਜਾਬੀ ਗਾਇਕ ਇਸ ਨੂੰ ਗਾ ਕੇ ਆਪਣੇ ਆਪ ਨੂੰ ਮਾਣਮੱਤਾ ਮਹਿਸੂਸ ਕਰ ਰਹੇ ਹਨ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਹਰਦਮ ਸਿੰਘ ਮਾਨ, ਜਰਨੈਲ ਸਿੰਘ ਆਰਟਿਸਟ, ਚਮਕੌਰ ਸਿੰਘ ਸੇਖੋਂ, ਨਵਦੀਪ ਗਿੱਲ, ਅੰਗਰੇਜ਼ ਬਰਾੜ, ਪਰਮਜੀਤ ਸਿੰਘ ਸੇਖੋਂ, ਜਸਕਰਨ ਸਿੰਘ ਅਤੇ ਨਵਰੂਪ ਸਿੰਘ ਨੇ ਇਸ ਐਲਾਨ ਨੂੰ ਉਸਾਰੂ ਪੰਜਾਬੀ ਗੀਤਕਾਰਾਂ ਲਈ ਇਕ ਸ਼ੁੱਭ ਸ਼ਗਨ ਦਸਦਿਆਂ ਗੁਰਭਜਨ ਗਿੱਲ ਨੂੰ ਵਧਾਈ ਦਿੱਤੀ ਹੈ ਅਤੇ ਲੋਕ ਮੰਚ ਪੰਜਾਬ ਦਾ ਧੰਨਵਾਦ ਕੀਤਾ ਹੈ।



ਇਕ ਵੱਖਰੇ ਬਿਆਨ ਰਾਹੀਂ ਵਿਰਾਸਤ ਫਾਊਂਡੇਸ਼ਨ ਦੇ ਭੁਪਿੰਦਰ ਸਿੰਘ ਮੱਲ੍ਹੀ ਅਤੇ ਸਮੁੱਚੀ ਟੀਮ ਵੱਲੋਂ ਗੁ।ਰਭਜਨ ਗਿੱਲ ਨੂੰ ਪੰਜਾਬੀ ਸਾਹਿਤ ਤੇ ਸੱਭਿਆਚਾਰ ਦੀ ਸੁਚੇਤ ਅੱਖ, ਪ੍ਰਤਿਭਾਮਾਨ ਤੇ ਰੂਹਦਾਰ ਸ਼ਖ਼ਸੀਅਤ ਦਸਦਿਆਂ ਨੰਦ ਲਾਲ ਨੂਰਪੁਰੀ ਪੁਰਸਕਾਰ ਦੀ ਚੋਣ ਕਰਨ ਲਈ ਲੋਕ ਮੰਚ ਪੰਜਾਬ ਦਾ ਧੰਨਵਾਦ ਕੀਤਾ ਹੈ ਅਤੇ ਸ. ਗਿੱਲ ਨੂੰ ਮੁਬਾਰਕਬਾਦ ਦਿੱਤੀ ਹੈ। ਆਪਣੀਆਂ ਸ਼ੁਭ ਕਾਮਨਾਵਾਂ ਪੇਸ਼ ਕਰਦਿਆਂ ਵਿਰਾਸਤ ਫਾਊਂਡੇਸ਼ਨ ਦੇ ਆਗੂਆਂ ਨੇ ਇਸ ਗੱਲੋਂ ਵੀ ਖੁਸ਼ੀ ਜ਼ਾਹਰ ਕੀਤੀ ਹੈ ਕਿ ਗੁਰਭਜਨ ਗਿੱਲ ਨੇ ਪੁਰਸਕਾਰ ਨੂੰ ਇਸ ਵਾਅਦੇ ਨਾਲ ਸਵੀਕਾਰ ਕੀਤਾ ਕਿ ਉਹ ਇਸ ਪੁਰਸਕਾਰ ਦੀ ਲਾਜ ਰੱਖਣ ਲਈ ਪੂਰੀ ਕੋਸ਼ਿਸ਼ ਕਰਨਗੇ। ਸਾਊਥ ਏਸ਼ੀਅਨ ਰੀਵਿਊ, ਜੀਵੇ ਪੰਜਾਬ ਅਦਬੀ ਸੰਗਤ ਅਤੇ ਰਣਧੀਰ ਢਿੱਲੋਂ ਵੱਲੋਂ ਵੀ ਗੁਰਭਜਨ ਗਿੱਲ ਨੂੰ ਇਸ ਪੁਰਸਕਾਰ ਲਈ ਨਾਮਜ਼ਦ ਹੋਣ 'ਤੇ ਵਧਾਈ ਦਿੱਤੀ ਗਈ ਹੈ।

# ਸਿੱਖੀ ਕੇਵਲ ਬਾਹਰਲੇ ਸਰੂਪ ਨਾਲ ਨਹੀਂ ਸਗੋਂ ਸ਼ਰਧਾ ਨਾਲ ਹੈ-ਠਾਕੁਰ ਦਲੀਪ ਸਿੰਘ



ਸਰੀ (ਹਰਦਮ ਮਾਨ)-ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਸਿੱਖੀ ਬਾਰੇ ਅਹਿਮ ਵਿਚਾਰ ਪ੍ਰਗਟ ਕਰਦਿਆਂ ਕਿਹਾ ਹੈ ਕਿ ਸਿੱਖੀ ਕੇਵਲ ਬਾਹਰਲੇ ਸਰੂਪ ਨਾਲ ਨਹੀਂ ਹੈ ਅਤੇ ਸਿਰਫ ਕੇਸ ਦਾੜ੍ਹੀ ਰੱਖ ਲੈਣ ਨਾਲ ਹੀ ਕੋਈ ਸਿੱਖ ਨਹੀਂ ਬਣ ਜਾਂਦਾ ਸਗੋਂ ਸਿੱਖੀ ਤਾਂ ਸ਼ਰਧਾ ਨਾਲ ਹੈ। ਉਨ੍ਹਾਂ ਇਸ ਸੰਬੰਧ ਵਿਚ ਗੁਰਬਾਣੀ ਦਾ ਹਵਾਲਾ ਦਿੱਤਾ ਹੈ ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ। "ਸਤਿਗੁਰ ਕੀ ਨਿੱਤ ਸਰਧਾ ਲਾਗੀ ਮੋਕਉ"। ਠਾਕੁਰ ਦਲੀਪ ਸਿੰਘ ਨੇ ਸਿੱਖ ਸੰਗਤ ਨੂੰ ਇਕ ਸੰਦੇਸ਼ ਵਿਚ ਕਿਹਾ ਹੈ ਕਿ ਜੇ ਤੁਹਾਡੇ ਬੱਚੇ ਕੇਸ-ਦਾੜ੍ਹੀ ਕਟਵਾ ਵੀ ਲੈਣ ਤਾਂ ਉਹਨਾਂ ਨੂੰ ਪਤਿਤ ਆਖ ਕੇ ਆਪਣੇ ਤੋਂ ਅਤੇ ਸਿੱਖੀ ਤੋਂ ਦੂਰ ਨਾ ਕਰੋ। ਉਹਨਾਂ ਨੂੰ ਇਹ ਨਾ ਆਖੋ ਕਿ "ਤੂੰ ਹੁਣ ਸਿੱਖ ਨਹੀਂ ਰਹਿ ਗਿਆ, ਤੂੰ ਪਤਿਤ ਹੋ ਗਿਆ ਹੈਂ"। ਉਨ੍ਹਾਂ ਕਿਹਾ ਕਿ ਸਾਰੇ ਸਿੱਖ ਭਾਈਚਾਰੇ ਨੂੰ ਸੋਚਣ ਦੀ ਲੋੜ ਹੈ ਕਿ ਜੇਕਰ ਮਹਾਰਾਜਾ ਰਣਜੀਤ ਸਿੰਘ ਗੁਰਬਾਣੀ ਦੀ ਅਵੱਗਿਆ ਕਰਕੇ, ਹਰ ਰੋਜ਼ ਸ਼ਰਾਬ ਪੀ ਕੇ ਵੀ ਸਿੱਖ ਸੀ, ਜੇਕਰ ਮਹਾਰਾਜਾ ਰਣਜੀਤ ਸਿੰਘ ਕਈ ਵਿਆਹ ਕਰਵਾ ਕੇ, ਕਈ ਇਸਤਰੀਆਂ ਰੱਖ ਕੇ ਵੀ ਪ੍ਰਵਾਣਿਤ 'ਸਿੱਖ' ਹੋ ਸਕਦਾ ਹੈ; ਜੇ ਮਹਾਰਾਜਾ ਰਣਜੀਤ ਸਿੰਘ ਇਸ ਅਵੱਗਿਆ ਕਰਕੇ ਵੀ ਸਿੱਖੀ ਤੋਂ ਖਾਰਿਜ ਨਹੀਂ ਹੁੰਦਾ ਅਤੇ ਪਤਿਤ ਨਹੀਂ ਹੋਇਆ, ਉਸ ਨੂੰ ਆਪਾਂ ਸਿੱਖਾਂ ਦਾ 'ਮਹਾਰਾਜਾ' ਮੰਨਦੇ ਹਾਂ ਅਤੇ ਉਸਦੇ ਰਾਜ ਨੂੰ 'ਸਿੱਖ-ਰਾਜ' ਮੰਨਦੇ ਹਾਂ; ਤਾਂ ਸਿੱਖ ਵੀਰੋ, ਫਿਰ ਤੁਹਾਡੇ ਬੱਚੇ ਕਿਵੇਂ ਪਤਿਤ ਹੋ ਗਏ ? ਉਨ੍ਹਾਂ ਕਿਹਾ ਹੈ ਕਿ ਆਪਣੇ ਬੱਚਿਆਂ ਨੂੰ 'ਪਤਿਤ ਆਖ ਕੇ ਜਾਂ 'ਤੂੰ ਸਿੱਖ ਨਹੀਂ ਰਿਹਾ' ਕਹਿਣ ਦੀ ਬਜਾਏ ਉਹਨਾਂ ਨੂੰ ਪਿਆਰ ਕਰੋ ਅਤੇ ਸਤਿਗੁਰੂ ਜੀ ਦੀ ਕਰਮਾਤਾਂ ਦੀਆਂ ਸਾਖੀਆਂ ਸੁਣਾਓ। ਜਦੋਂ ਬੱਚਿਆਂ ਨੂੰ ਤੁਸੀਂ ਪਿਆਰ ਕਰੋਗੇ, ਉਹ ਹੌਲ਼ੀ-ਹੌਲ਼ੀ ਕੇਸ-ਦਾੜ੍ਹੀ ਵੀ ਰੱਖ ਲੈਣਗੇ ਪਰ ਕੇਸ ਦਾੜ੍ਹੀ ਨਾਲੋਂ ਸ਼ਰਧਾ ਹੋਣੀ ਜ਼ਿਆਦਾ ਜ਼ਰੂਰੀ ਹੈ। ਜੇ ਉਹ ਕੇਸ-ਦਾੜ੍ਹੀ ਨਹੀਂ ਵੀ ਰੱਖਦੇ, ਤਾਂ ਵੀ ਉਹ ਸਿੱਖ ਹਨ। ਉਹਨਾਂ ਦੀ 'ਸ਼ਰਧਾ' ਵਧਾਓ ਕਿਉਂਕਿ ਸਿੱਖੀ ਸ਼ਰਧਾ ਨਾਲ ਹੈ, ਬਾਹਰਲੇ ਸਰੂਪ ਨਾਲ ਨਹੀਂ।

# ਪੰਜਾਬ ਸਰਕਾਰ ਦੀ 80 ਹਜ਼ਾਰ ਏਕੜ ਜ਼ਮੀਨ ਉਪਰ ਨਾਜਾਇਜ਼ ਕਬਜ਼ੇ

ਚੰਡੀਗੜ੍ਹ (ਭੁਲਰ, ਭੰਗੂ)-ਪੰਜਾਬ ਸਰਕਾਰ ਦੀ ਕਰੀਬ 80 ਹਜ਼ਾਰ ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਹਨ। ਇਕੱਲੇ ਪੰਚਾਇਤ ਵਿਭਾਗ ਤੋਂ ਬਿਨਾਂ ਕਿਸੇ ਵੀ ਸਰਕਾਰੀ ਮਹਿਕਮੇ ਵੱਲੋਂ ਮੁਸਤੈਦੀ ਨਾਲ ਆਪਣੀ ਜ਼ਮੀਨ ਖਾਲੀ ਕਰਾਉਣ ਵਾਸਤੇ ਕਦੇ ਕੋਈ ਮੁਹਿੰਮ ਨਹੀਂ ਚਲਾਈ ਗਈ। ਪੰਜਾਬ 'ਚ ਸਭ ਤੋਂ ਵੱਧ ਪੰਚਾਇਤ ਵਿਭਾਗ ਦੀ ਕਰੀਬ 36 ਹਜ਼ਾਰ ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਹਨ। ਇਸ ਵਿੱਚੋਂ ਕਰੀਬ 50 ਫ਼ੀਸਦੀ ਜ਼ਮੀਨ ਗੈਰ-ਵਾਹੀਯੋਗ ਹੈ। ਪੰਚਾਇਤ ਵਿਭਾਗ ਵੀ ਸਿਰਫ਼ 20 ਫ਼ੀਸਦੀ ਜ਼ਮੀਨ ਹੀ ਖ਼ਾਲੀ ਕਰਾ ਸਕਿਆ ਹੈ। ਮੁਹਾਲੀ ਜ਼ਿਲ੍ਹੇ 'ਚ ਵੱਡੇ ਨੌਕਰਸ਼ਾਹਾਂ ਅਤੇ ਸਿਆਸਤਦਾਨਾਂ ਨੇ ਪੰਚਾਇਤੀ ਸ਼ਾਮਲਾਟ 'ਤੇ ਆਪਣੇ ਫਾਰਮ ਹਾਊਸ ਉਸਾਰੇ ਹੋਏ ਹਨ। ਜਸਟਿਸ ਕੁਲਦੀਪ ਸਿੰਘ ਦੀ ਰਿਪੋਰਟ ਨੇ ਇਸ ਧੰਦੇ ਨੂੰ ਬੇਪਰਦ ਕੀਤਾ ਸੀ। ਜੰਗਲਾਤ ਮਹਿਕਮੇ ਦੀ ਕਰੀਬ 22,500 ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਹਨ। ਸ਼ਹਿਰੀ ਖੇਤਰਾਂ ਵਿਚ ਤਾਂ ਗਰੀਨ ਬੈਲਟਾਂ 'ਤੇ ਵੀ ਕਬਜ਼ੇ ਹਨ। ਜੰਗਲਾਤ ਮਹਿਕਮੇ ਨੇ ਕਾਨੂੰਨੀ ਕਾਰਵਾਈ 'ਚ ਵੀ ਕਦੇ ਫੁਰਤੀ ਨਹੀਂ ਦਿਖਾਈ ਹੈ। ਇਸੇ ਤਰ੍ਹਾਂ ਨਹਿਰੀ ਵਿਭਾਗ ਦੀ ਕਰੀਬ ਇੱਕ ਹਜ਼ਾਰ ਏਕੜ ਤੋਂ ਜ਼ਿਆਦਾ ਜ਼ਮੀਨ ਨਾਜਾਇਜ਼ ਕਬਜ਼ਿਆਂ ਹੇਠ ਹੈ। ਲੁਧਿਆਣਾ 'ਚ ਇੱਕ ਵੱਡੇ ਸਨਅਤਕਾਰ ਨੇ ਕਰੀਬ 25 ਕਰੋੜ ਦੀ ਨਹਿਰ ਵਿਭਾਗ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕੀਤਾ ਸੀ। ਇੱਕ ਸਾਬਕਾ ਸੰਸਦ ਮੈਂਬਰ ਦੇ ਭਰਾ ਨੇ ਵੀ ਨਹਿਰੀ ਰੈਸਟ ਹਾਊਸ ਦੀ ਕਰੀਬ ਤਿੰਨ ਏਕੜ ਜ਼ਮੀਨ ਨੱਪੀ ਹੋਈ ਹੈ। ਸਰਹੱਦੀ ਸੂਬੇ ਵਿਚ ਇੱਕ ਸਾਬਕਾ ਮੰਤਰੀ ਦੇ ਭਤੀਜੇ ਨੇ ਵੀ ਸਰਕਾਰੀ ਖੇਤੀ ਵਾਲੀ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ। ਪਟਿਆਲਾ ਵਿੱਚ ਭਾਖੜਾ ਮੇਨ ਲਾਈਨ ਦੀਆਂ ਕਰੀਬ ਦੋ ਦਰਜਨ ਤੋਂ ਜ਼ਿਆਦਾ ਸੰਪਤੀਆਂ 'ਤੇ ਨਾਜਾਇਜ਼ ਕਬਜ਼ੇ ਹਨ। ਰੱਖਿਆ ਵਿਭਾਗ ਦੀ ਪੰਜਾਬ ਵਿਚ ਕਰੀਬ 239 ਏਕੜ ਜ਼ਮੀਨ ਨਾਜਾਇਜ਼ ਕਬਜ਼ਿਆਂ ਹੇਠ ਹੈ। ਸਥਾਨਕ ਸਰਕਾਰਾਂ ਵਿਭਾਗ ਦੀਆਂ ਹਜ਼ਾਰਾਂ ਸੰਪਤੀਆਂ 'ਤੇ ਸ਼ਹਿਰਾਂ ਵਿਚ ਨਾਜਾਇਜ਼ ਕਬਜ਼ੇ ਹਨ। ਲੈਂਡ ਮਾਫ਼ੀਆ ਨੂੰ ਸਿਆਸੀ ਸਰਪ੍ਰਸਤੀ ਹੋਣ ਕਰ ਕੇ ਕਦੇ ਵੀ ਇਹ ਗੈਰਕਾਨੂੰਨੀ ਕਾਰੋਬਾਰ ਰੁਕਿਆ ਨਹੀਂ ਹੈ। ਪਾਵਰਕੌਮ ਦੀ ਕਰੀਬ 46 ਏਕੜ ਜ਼ਮੀਨ 'ਤੇ ਵੀ ਨਾਜਾਇਜ਼ ਕਬਜ਼ੇ ਹਨ। ਇਨ੍ਹਾਂ ਦੇ ਕੇਸ ਅਦਾਲਤਾਂ ਵਿੱਚ ਚੱਲ ਰਹੇ ਹਨ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com







# ਮੁੜ ਮਿਲਣ ਦੇ ਵਾਅਦੇ ਨਾਲ 'ਖੇਡਾਂ ਵਤਨ ਪੰਜਾਬ ਦੀਆਂ ਸਮਾਪਤ

## ਮੁੱਖ ਮੰਤਰੀ ਨੇ ਖੇਡਾਂ ਦੇ ਖੇਤਰ ਵਿਚ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਦਾ ਹਲ.ਫ ਲਿਆ

ਲੁਧਿਆਣਾ-ਅਗਲੇ ਸਾਲ ਮੁੜ ਮਿਲਣ ਦੇ ਵਾਅਦੇ ਨਾਲ ਲਗਪਗ ਤਿੰਨ ਮਹੀਨਿਆਂ ਤੱਕ ਚੱਲਿਆ ਖੇਡ ਮੇਲਾ 'ਖੇਡਾਂ ਵਤਨ ਪੰਜਾਬ ਦੀਆਂ' ਵੀਰਵਾਰ ਨੂੰ ਇੱਥੇ ਗੁਰੂ ਨਾਨਕ ਸਟੇਡੀਅਮ ਵਿਖੇ ਰੰਗਾਰੰਗ ਪ੍ਰੋਗਰਾਮ ਨਾਲ ਸਮਾਪਤ ਹੋ ਗਿਆ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੇਡਾਂ ਦੇ ਖੇਤਰ ਵਿੱਚ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਦਾ ਅਹਿਦ ਲਿਆ। ਇਨ੍ਹਾਂ ਖੇਡਾਂ ਦੌਰਾਨ ਰਾਜ ਪੱਧਰ 'ਤੇ ਸੋਨੇ, ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤਣ ਵਾਲੇ 9961 ਖਿਡਾਰੀਆਂ ਦੇ ਬੈਂਕ ਖਾਤਿਆਂ ਵਿੱਚ 6.85 ਕਰੋੜ ਰੁਪਏ ਦੀ ਰਾਸ਼ੀ ਡਿਜ਼ੀਟਲ ਤੌਰ 'ਤੇ ਤਬਦੀਲ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਸਾਰੇ ਖਿਡਾਰੀਆਂ ਨੂੰ ਇਨ੍ਹਾਂ ਖੇਡਾਂ ਦੀ ਸ਼ਾਨਦਾਰ ਸਫਲਤਾ ਲਈ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਸੋਨਾ ਦਾ ਤਮਗਾ ਜਿੱਤਣ ਵਾਲੇ ਦੇ ਖਾਤੇ ਵਿੱਚ 10 ਹਜ਼ਾਰ ਰੁਪਏ, ਚਾਂਦੀ ਦਾ ਤਮਗਾ ਜਿੱਤਣ ਵਾਲੇ ਦੇ ਖਾਤੇ ਵਿੱਚ ਸੱਤ ਹਜ਼ਾਰ ਰੁਪਏ ਅਤੇ ਕਾਂਸੀ ਤਮਗਾ ਜੇਤੂ ਦੇ ਖਾਤੇ ਵਿੱਚ ਪੰਜ ਹਜ਼ਾਰ ਰੁਪਏ ਤਬਦੀਲ ਕੀਤੇ ਗਏ ਹਨ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੇ ਕੋਨੇ-ਕੋਨੇ ਵਿੱਚ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਇਹ ਖੇਡਾਂ ਹਰ ਸਾਲ ਕਰਵਾਈਆਂ ਜਾਣਗੀਆਂ। ਮੁੱਖ ਮੰਤਰੀ ਨੇ ਰਾਜ ਪੱਧਰੀ ਖੇਡਾਂ ਵਿੱਚ ਕ੍ਰਮਵਾਰ 202, 133 ਅਤੇ 123 ਸੋਨ ਤਗਮੇ ਜਿੱਤ ਕੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੀਆਂ ਪਟਿਆਲਾ, ਲੁਧਿਆਣਾ ਅਤੇ ਐਸ.ਏ.ਐਸ. ਨਗਰ ਦੀਆਂ ਟੀਮਾਂ ਦਾ ਸਨਮਾਨ ਕੀਤਾ। ਉਨ੍ਹਾਂ ਅੰਮ੍ਰਿਤਸਰ, ਬਰਨਾਲਾ, ਫ਼ਰੀਦਕੋਟ, ਜਲੰਧਰ, ਲੁਧਿਆਣਾ, ਪਟਿਆਲਾ, ਰੂਪਨਗਰ, ਐਸ.ਏ.ਐਸ. ਨਗਰ ਅਤੇ ਸੰਗਰੂਰ ਸਮੇਤ ਨੌਂ ਜ਼ਿਲ੍ਹਿਆਂ ਨੂੰ ਉਨ੍ਹਾਂ ਦੇ ਜ਼ਿਲ੍ਹਿਆਂ ਵਿੱਚ ਵਧੀਆ ਢੰਗ ਨਾਲ ਰਾਜ ਪੱਧਰੀ ਖੇਡਾਂ ਦਾ ਪ੍ਰਬੰਧ ਕਰਨ ਲਈ ਵੀ ਸਨਮਾਨਿਤ ਕੀਤਾ। ਭਗਵੰਤ ਮਾਨ ਨੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਵੀ ਇਨ੍ਹਾਂ ਖੇਡਾਂ ਨੂੰ ਸਫ਼ਲਤਾਪੂਰਵਕ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਧਾਈ ਦਿੱਤੀ। ਲਗਭਗ ਤਿੰਨ ਮਹੀਨਿਆਂ ਤੱਕ ਚੱਲੇ ਇਸ ਸ਼ਾਨਦਾਰ ਖੇਡ ਮੇਲੇ ਦੀ ਸਮਾਪਤੀ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਇਨ੍ਹਾਂ ਖੇਡਾਂ ਵਿੱਚ ਵੱਖ-ਵੱਖ ਛੇ ਉਮਰ ਵਰਗਾਂ ਦੇ ਤਿੰਨ ਲੱਖ ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖਿਡਾਰੀਆਂ ਨੇ 28 ਖੇਡ ਵੰਨਗੀਆਂ ਵਿੱਚ ਬਲਾਕ ਤੋਂ ਲੈ ਕੇ ਰਾਜ ਪੱਧਰ ਤੱਕ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ। ਭਗਵੰਤ ਮਾਨ ਨੇ ਇਹ ਵੀ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਲਾਮਿਸਾਲ ਪ੍ਰਾਪਤੀਆਂ ਵਾਲੇ ਖਿਡਾਰੀਆਂ ਦੀ ਭਰਤੀ ਨੂੰ ਪਹਿਲ ਦੇਵੇਗੀ। ਖੇਡਾਂ ਵਿੱਚ ਤਮਗੇ ਜਿੱਤਣ ਵਾਲੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਆਪਣੀ ਜਿੱਤ 'ਤੇ ਘੁਮੰਡ ਨਾ ਕਰਨ, ਸਗੋਂ ਨਿਮਰਤਾ ਨਾਲ ਕੰਮ ਕਰਨ ਅਤੇ ਹੋਰ ਸਫ਼ਲਤਾ ਲਈ ਸਖ਼ਤ ਮਿਹਨਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡਾਂ ਨੂੰ ਸੂਬੇ ਭਰ ਵਿੱਚ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਨੌਜਵਾਨਾਂ ਨੇ ਖੇਡਾਂ ਵਿੱਚ ਭਾਰੀ ਉਤਸ਼ਾਹ ਨਾਲ ਭਾਗ ਲਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਦੱਸਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਕੁਝ ਥਾਈਂ ਇਕ ਪਰਿਵਾਰ ਦੀਆਂ ਤਿੰਨ-ਤਿੰਨ ਪੀੜ੍ਹੀਆਂ ਨੇ ਵੀ ਇਨ੍ਹਾਂ ਖੇਡਾਂ ਵਿੱਚ ਹਿੱਸਾ ਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਖ਼ੁਦ ਖੇਡ ਪ੍ਰੇਮੀ ਹਨ, ਜਿਸ ਕਾਰਨ ਉਹ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੇ ਹਨ। ਇਸ ਤੋਂ ਪਹਿਲਾਂ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਮੁੱਖ ਮੰਤਰੀ ਅਤੇ ਹੋਰ ਪਤਵੰਤਿਆਂ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਨੇ ਇਸ ਖੇਡ ਮੇਲੇ ਨੂੰ ਵੱਡੀ ਪੱਧਰ 'ਤੇ ਸਫ਼ਲ ਬਣਾਉਣ ਲਈ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਨਿਭਾਈ ਗਈ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਮੀਤ ਹੇਅਰ ਨੇ ਕਿਹਾ ਕਿ ਇਨ੍ਹਾਂ ਖੇਡਾਂ ਨੇ ਸੂਬੇ ਦੇ ਇਤਿਹਾਸ ਵਿੱਚ ਸਫ਼ਲਤਾ ਦੀ ਨਵੀਂ ਇਬਾਰਤ ਲਿਖੀ ਹੈ। ਇਸ ਤੋਂ ਪਹਿਲਾਂ ਰਾਸ਼ਟਰਮੰਡਲ ਖੇਡਾਂ ਵਿਚ ਚਾਂਦੀ ਦਾ ਤਗਮਾ ਜੇਤੂ ਵੇਟਲਿਫਟਰ ਵਿਕਾਸ ਠਾਕੁਰ ਨੇ ਮੁੱਖ ਮੰਤਰੀ ਨੂੰ ਖੇਡਾਂ ਦਾ ਝੰਡਾ ਸੌਂਪਿਆ। ਭਗਵੰਤ ਮਾਨ ਨੇ ਹਰੇਕ ਸਾਲ ਖੇਡਾਂ ਕਰਵਾਉਣ ਲਈ ਖੇਡ ਵਿਭਾਗ ਨੂੰ ਝੰਡੀ ਦਿੱਤੀ। ਇਸ ਦੌਰਾਨ ਕਲਾਕਾਰਾਂ ਵੱਲੋਂ ਸੱਭਿਆਚਾਰਕ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਉੱਥੇ ਪੰਜਾਬੀ ਗਾਇਕ ਕੁਲਵਿੰਦਰ ਬਿੱਲਾ, ਪਰੀ ਪੰਧੇਰ ਅਤੇ ਅਰਮਾਨ ਢਿੱਲੋਂ ਨੇ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਖ਼ੂਬ ਮਨੋਰੰਜਨ ਕੀਤਾ। ਇਸ ਮੌਕੇ 'ਤੇ ਸ਼ਾਨਦਾਰ ਰਵਾਇਤੀ ਨਾਚ 'ਗਿੱਧਾ' ਅਤੇ 'ਭੰਗੜਾ' ਦੇ ਨਾਲ ਖੇਡਾਂ ਬਾਰੇ ਇੱਕ ਪ੍ਰਭਾਵਸ਼ਾਲੀ ਵੀਡੀਓ ਨੇ ਦਰਸ਼ਕਾਂ ਦਾ ਮਨ ਟੁੰਬ ਲਿਆ ਅਤੇ ਉਨ੍ਹਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਹਾਜ਼ਰ ਲੋਕਾਂ ਨੇ ਆਤਿਸ਼ਬਾਜ਼ੀ ਦੇ ਸ਼ਾਨਦਾਰ ਪ੍ਰਦਰਸ਼ਨ ਮੌਕੇ ਖੜ੍ਹੇ ਹੋ ਕੇ ਤਾੜੀਆਂ ਵੀ ਮਾਰੀਆਂ।

ROHITA PANNU
LAW CORPORATION
BARRISTER & SOLICITOR




SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8

# ਲਿਖਣਾ ਤੇ ਗਾਉਣਾ ਮੇਰਾ ਸੁਭਾਅ ਹੈ-ਭੁਪਿੰਦਰ ਸਿੱਧੂ

ਸਰੀ (ਮਾਂਗਟ)-ਸੰਗੀਤ ਇਨਸਾਨ ਦੇ ਜਨਮ ਤੋਂ ਲੈਕੇ ਮੌਤ ਤੱਕ ਨਾਲ ਨਾਲ ਚੱਲਦਾ ਹੈ , ਲੋਰੀਆਂ ਤੇ ਵੈਣ ਅਕਸਰ ਹੀ ਸੰਗੀਤਕ ਹੁੰਦੇ ਹਨ। ਇਹ ਕਹਿਣਾ ਹੈ ਗਾਇਕ ਅਤੇ ਗੀਤਕਾਰ ਭੁਪਿੰਦਰ ਸਿੱਧੂ ਦਾ। ਪੰਜਾਬ ਦੇ ਮਾਲਵਾ ਖੇਤਰ ਵਿੱਚ ਪੈਂਦੇ ਮੋਗਾ ਜ਼ਿਲ੍ਹੇ ਵਿੱਚ ਨਾਮਵਰ ਨਾਵਲਕਾਰ ਸ਼ਿਵ ਚਰਨ ਜੱਗੀ ਕੁੱਸਾ ਦੇ ਪਿੰਡ ਕੁੱਸਾ ਵਿੱਚ ਪਿਤਾ ਸਰਦਾਰ ਮਹਿੰਦਰ ਸਿੰਘ ਸਿੱਧੂ ਅਤੇ ਮਾਤਾ ਦਲਜੀਤ ਕੌਰ ਦੇ ਘਰ ਜਨਮੇ ਭੁਪਿੰਦਰ ਸਿੱਧੂ ਨੂੰ ਬਚਪਨ ਵਿੱਚ ਸਕੂਲ ਪੜ੍ਹਦੇ ਸਮੇਂ ਉਹਦੇ ਆੜ੍ਹੀਆਂ ਨੇ ਉਸਨੂੰ ਬਾਲ ਸਭਾ ਵਿੱਚ ਗਾਉਂਦਿਆਂ ਤਾਂ ਜ਼ਰੂਰ ਸੁਣਿਆ ਹੋਵੇਗਾ ਪਰ ਪ੍ਰੋਫੈਸ਼ਨਲ ਸਟੇਜਾਂ ਤੇ ਗਾ ਕੇ ਉਸਨੇ ਆਪਣਾ ਅਤੇ ਪਿੰਡ ਕੁੱਸਾ ਦਾ ਮਾਣ ਵੀ ਵਧਾਇਆ ਹੈ। ਇਸਦੇ ਨਾਲ ਹੀ ਇਹ ਪ੍ਰੀਵਾਰ ਪਿਤਾ ਪੁਰਖੀ ਪਿੰਡ ਤੋਂ ਉੱਠਕੇ ਲੁਧਿਆਣੇ ਦੇ ਨੇੜੇ ਪਿੰਡ ਕੀਮਾਂ ਭੈਣੀ (ਨੇੜੇ ਕੂੰਮ ਕਲਾਂ) ਆ ਵਸਿਆ। ਭੁਪਿੰਦਰ ਸਿੱਧੂ ਦਾ ਗਾਇਕੀ ਦਾ ਸ਼ੌਂਕ ਕਾਲਜ ਦੀ ਪੜ੍ਹਾਈ ਅਤੇ ਖੇਤੀ ਕਰਨ ਦੌਰਾਨ ਵੀ ਪੂਰਾ ਹੁੰਦਾ ਰਿਹਾ। ਸੰਗੀਤ ਦੀ ਮੁੱਢਲੀ ਸਿੱਖਿਆ ਮਾਸਟਰ ਬੋਧ ਰਾਜ ਅਰੋੜਾ ਤੋਂ ਲੈ ਕੇ ਪਹਿਲੀ ਕੈਸਿਟ ਪਲੱਸ ਟੂ ਚੋਂ ਪਾਸ, ਪ੍ਰਸਿੱਧ ਗੀਤਕਾਰ ਕਰਨੈਲ ਸਿਵੀਆ ਦੁਆਰਾ ਪੇਸ਼ ਕੀਤੀ ਗਈ। ਜਿਸ ਵਿੱਚ ਦੇਵ ਥਰੀਕੇ ਵਾਲਾ , ਦਲਜੀਤ ਦਰਦੀ ਸਮੇਤ ਕੁੱਝ ਨਵੇਂ ਗੀਤਕਾਰਾਂ ਦੇ ਗੀਤ ਸਨ। ਫਿਰ ਪਰਮ ਮਿਊਜ਼ਿਕ ਕੰਪਨੀ ਨੇ ਗੋਰਾ ਗੋਰਾ ਰੰਗ , ਜੀ ਐਮ ਰਿਕਾਰਡ ਨੇ ਫੈਸ਼ਨ ਅਤੇ ਸਾਗਾ ਕੰਪਨੀ ਨੇ ਸ਼ੁਕੀਨ ਮੁੰਡਾ ਕੈਸਿਟਾਂ ਰਿਲੀਜ਼ ਕੀਤੀਆਂ। ਕੈਸਿਟ ਯੁੱਗ ਖਤਮ ਹੋਇਆ ਤਾਂ ਭੁਪਿੰਦਰ ਸਿੰਗਲ ਟਰੈਕ ਰਿਲੀਜ਼ ਕਰਨ ਲੱਗਿਆ , ਫਾਈਨਟੋਨ ਕੰਪਨੀ ਨੇ ਕੰਗਾਲ ਜੱਟ ਤੇ ਲੀਡਰ , ਐਸ ਐਮ ਆਈ ਨੇ ਬਾਪੂ , ਕਾਲਾ ਮਾਲ ਅਤੇ ਯਾਰ ਟਰੱਕਾਂ ਤੇ , ਕੇ ਬੀ ਮਿਊਜ਼ਿਕ ਕੰਪਨੀ ਨੇ ਇਲਤਾਂ ਦੀ ਜੜ੍ਹ ਅਤੇ ਡੌਂਟ ਜੋਕ ਓਨ ਸਰਦਾਰ ਵੱਖ ਵੱਖ ਸਮੇਂ ਤੇ ਰਿਲੀਜ਼ ਕੀਤੇ। ਇੱਕ ਮਲੇਸ਼ੀਆ ਦਾ ਸੰਗੀਤਕ ਟੂਰ ਵੀ ਕੀਤਾ ਹੈ ਭੁਪਿੰਦਰ ਨੇ। ਪੰਜਾਬੀ ਫਿਲਮ ਗੁਮਰਾਹ ਦਾ ਟਾਈਟਲ ਗੀਤ ਲਿਖਣ ਦੇ ਨਾਲ ਨਾਲ ਇਸ ਫਿਲਮ ਵਿੱਚ ਅਦਾਕਾਰੀ ਵੀ ਕੀਤੀ ਹੈ। ਕਈ ਨਾਮਵਰ ਗਾਇਕ ਉਸਦੇ ਲਿਖੇ ਹੋਏ ਗੀਤ ਵੀ ਰਿਕਾਰਡ ਕਰ ਚੁੱਕੇ ਹਨ। ਮਾਰਧਾੜ ਵਾਲੇ ਗੀਤਾਂ ਤੋਂ ਭੁਪਿੰਦਰ ਸਿੱਧੂ ਨੂੰ ਬੜੀ ਹੀ ਅਲਰਜੀ ਹੈ। ਉਸਦਾ ਕਹਿਣਾ ਹੈ ਕਿ ਕਲਾਕਾਰ ਤਾਂ ਪਿਆਰ ਦਾ ਹੋਕਾ ਦੇਣ ਵਾਲੇ ਹੁੰਦੇ ਹਨ। ਇਹਨਾਂ ਦੇ ਹੱਥਾਂ ਵਿੱਚ ਤੂੰਬੀਆਂ ਤੇ ਗਿਟਾਰਾਂ ਹੀ ਸੱਜਦੀਆਂ ਹਨ ਨਾ ਕਿ ਰਫਲਾਂ। ਭੁਪਿੰਦਰ ਸਿੱਧੂ ਦਾ ਨਵਾਂ ਗੀਤ ਹਾਈਵੇ 'ਰਿਲੀਜ਼ ਲਈ ਤਿਆਰ ਹੈ। ਪਿਰਤੀ ਸੀਲੋਂ ਦੇ ਲਿਖੇ ਇਸ ਗੀਤ ਦਾ ਸੰਗੀਤ ਸੰਸਾਰ ਪ੍ਰਸਿੱਧ ਸੰਗੀਤਕਾਰ ਡੀ ਜੇ ਡਸਟਰ ਨੇ ਦਿੱਤਾ ਹੈ। ਉਸਨੇ ਸੰਗੀਤਕ ਕੈਰੀਅਰ ਵਿੱਚ ਜਿਉਂ ਜਿਉਂ ਪੁਲਾਘਾਂ ਪੁੱਟੀਆਂ ਤਿਉਂ ਤਿਉਂ ਉਸਦੇ ਐਡਰੈੱਸ ਵੀ ਬਦਲਦੇ ਗਏ। ਦੋ ਦਹਾਕੇ ਦੇ ਕਰੀਬ ਸਾਹਨੇਵਾਲ ਰਹਿਣ ਉਪਰੰਤ ਅੱਜਕੱਲ੍ਹ ਮੁਹਾਲੀ ਵਿੱਚ ਪੱਕੇ ਡੇਰੇ ਹਨ।




MORTGAGE

5 YRS. VARIABLE – 25 YRS. INSURED 5.05%* (Prime –.90%)
5 YRS. VARIABLE – 25 YRS. INSURABLE 5.45%* (Prime –.50%)
5 YRS. VARIABLE – 30 YRS. PURCHASE 5.50%* (Prime –.45%)

*Conditions Apply. Rates subject to change without notice.

Interest Rates are Rising! To Lock or Not to Lock ask for our expert guidance?

GET CASH BACK UP TO $1,000*

Superior Mortgage
Unit 244-8138-128 Street, Surrey
604 507 1000
Our Symbol of Care & Service

JOSAN REBAR & DAMPPROOFING LTD.
- BEAM LOG - POLY
- COMPACTING
- STYROFOAM
- FOUNDATION
- DAMPPROOFING
- WINDOW WELL
- INSULATION
- REINFORCING STEEL
- POST TENSIONING & WIRE MESH
- DRIVEWAY, SIDEWALK & GARAGE

7 ਸਾਲ ਤੋਂ ਵੱਧ ਤਜ਼ਰਬਾ
- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com

ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

SURREY
(604) 502 - 0441
FAX (604) 502-0417
5-8430 128TH ST.
SURREY, BC
V3W 4G3
MON-FRI 8 AM - 8 PM
SATURDAY 9 AM - 6 PM
SUNDAY 9 AM - 5 PM

VANCOUVER
(604) 325 - 1241
FAX (604) 325-1414
4038 KNIGHT ST.
VANCOUVER, BC
V5N 5Y7
MON-FRI 9 AM - 8 PM
SATURDAY 9 AM - 5 PM
SUNDAY 9 AM - 5 PM

ICBC autoplan

OPEN 7 DAYS

www.goldkeyinsurance.ca


fruiticana hee jaana!
Your one and only Surrey owned Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
EXTRA EXTRA SUPER SPECIAL
Yellow Medium Onions 50 lbs
ਪੀਲੇ ਗੰਢੇ
YELLOW ONION
Unbeatable Price
ਅੱਨਬੀਟਬਲ ਪ੍ਰਾਇਸ
$14.99 bag
EXTRA SUPER SUPER SPECIAL
Red Onions 25 lbs
ਲਾਲ ਗੰਢੇ
RED ONIONS
$14.99 bag
Green Elaichi (Cardamom)
ਹਰੀ ਇਲਾਇਚੀ
$15.97 lb
EXTRA SUPER SUPER SPECIAL
Fresh Garlic
ਤਾਜ਼ਾ ਲਸਣ
99¢ lb
SUPER SPECIAL
Fresh Ginger
ਤਾਜ਼ਾ ਅਦਰਕ
$1.39 lb
Daikon (Moli)
ਮੂਲੀ
98¢ lb
SUPER SPECIAL
Long English Cucumbers
ਲੰਬੇ ਇੰਗਲਿਸ਼ ਖੀਰੇ
2 for $1.50
SUPER SPECIAL
Almonds
ਬਦਾਮ
$3.98 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
98¢ lb
SUPER SPECIAL
Sher Atta Desi Style
ਸ਼ੇਰ ਆਟਾ ਦੇਸੀ ਸਟਾਈਲ 20 lbs
$13.98 bag
SUPER SPECIAL
Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ ( ਇੰਡੀਕੈਂਨ )
$3.88 bag
Regular Large Eggplant
ਵੱਡੇ ਬਤਾਊਂ
99¢ ea.
SUPER SPECIAL
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Indian Eggplants
ਦੇਸੀ ਬਤਾਊਂ
$1.49 lb
Green Cabbage BC
ਹਰੀ ਬੰਦ ਗੋਭੀ
59¢ lb
BC Gala Apples
ਬੀਸੀ ਗਾਲਾ ਸੇਬ
88¢ lb
Opo Squash
ਓਪੋ ਕੱਦੂ
88¢ lb
Zucchini Squash
ਜ਼ੁਕੀਨੀ ਸਕੁਐਸ਼
88¢ lb
Russet Potatoes Snoboy 10lbs
ਆਲੂ ਰਸਟ ਸਨੋਬੁਆਏ
$4.98 bag
Urbi (Small Taro)
ਅਰਬੀ (ਛੋਟੀ ਤਾਰੋ)
$1.49 lb
Fri Nov 18, 2022 - Wed Nov 23, 2022
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS 9 AM - 8 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ----- 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------ 101-15933 Fraser Hwy ------ 604-593-5163
Fleetwood ------ 15230 84 Ave. ---------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond------- 4101 No.5 Rd.---------------- 604-244-9520